22-FEB-PAGE-1.qxd 2/21/2024 9:43 PM Page 1

ਵੀਰਵਾਰ, 22 ਫਰਵਰੀ, 2024
10 ਫੱਗਣ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 263

ਨਵਾਂ ਜ਼ਮਾਨਾ

DAILY NAWAN ZAMANA • THURSDAY, 22 FEBRUARY, 2024
ਜਲੰਧਰ
nawan zamana TV

ਕੀਮਤ/PRICE : 5.00 ਰੁਪਏ | Regd. No : L-4/Pb-JL-0023/2024-26, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

ਨੌਜਵਾਨ ਕਿਸਾਨ ਸ਼ਹੀਦ

ਸ਼ੁਭਕਰਨ ਦੀ ਸ਼ਹਾਦਤ ਤੇ ਕਿਸਾਨਾਂ ਦਾ ਡੁੱਲ੍ਹਿਆ ਖ਼ੂਨ ਭਾਜਪਾ ਦੇ ਸਿਆਸੀ ਕਫਨ 'ਚ ਆਖਰੀ ਕਿੱਲ ਸਾਬਤ ਹੋਵੇਗਾ : ਐੱਸ ਕੇ ਐੱਮ

ਚੰਡੀਗੜ੍ਹ : ਖਨੌਰੀ ਬਾਰਡਰ 'ਤੇ ਕਿਸਾਨਾਂ ਅਤੇ ਹਰਿਆਣਾ ਪੁਲਸ ਦਰਮਿਆਨ ਹੋਏ ਟਕਰਾਅ ਦੌਰਾਨ ਰਬੜ ਦੀ ਗੋਲੀ ਨਾਲ 23 ਸਾਲਾ ਕਿਸਾਨ ਦੀ ਮੌਤ ਹੋ ਗਈ, ਜਿਸ ਦੀ ਪਛਾਣ ਜ਼ਿਲ੍ਹਾ ਬਠਿੰਡਾ ਦੇ ਰਾਮਪੁਰਾ ਇਲਾਕੇ ਦੇ ਪਿੰਡ ਬੱਲੋ ਦੇ ਸ਼ੁਭਕਰਨ ਸਿੰਘ ਵਜੋਂ ਹੋਈ ਹੈ ਉਹ ਦੋ ਭੈਣਾਂ ਦਾ ਇਕਲੌਤਾ ਭਰਾ ਸੀ ਤੇ ਤਿੰਨ ਏਕੜ ਜ਼ਮੀਨ ਦਾ ਮਾਲਕ ਸੀ। ਉਸ ਨੂੰ ਗੰਭੀਰ ਹਾਲਤ ਵਿਚ ਰਜਿੰਦਰਾ ਹਸਪਤਾਲ ਪਟਿਆਲਾ ਲਿਆਂਦਾ ਗਿਆ ਸੀ, ਪਰ ਉੱਥੇ ਉਸ ਦੀ ਮੌਤ ਹੋ ਗਈ। ਸੰਗਰੂਰ ਦੇ ਪਿੰਡ ਸੋਰੋਂ ਦੇ ਸਿਮਰਨਜੀਤ ਸਿੰਘ ਅਤੇ ਥਾਣਾ ਲਹਿਰਾਗਾਗਾ ਦੇ ਪਿੰਡ ਭੁਟਾਲ ਖੁਰਦ ਦੇ ਜੁਗਰਾਜ ਸਿੰਘ ਨੂੰ ਵੀ ਰਜਿੰਦਰਾ ਹਸਪਤਾਲ ਵਿਚ ਦਾਖਲ ਕਰਾਇਆ ਗਿਆ ਹੈ।

ਸ਼ੰਭੂ ਬਾਰਡਰ 'ਤੇ ਹਰਿਆਣਾ ਪੁਲਸ ਵੱਲੋਂ ਸੁੱਟਿਆ ਗਿਆ ਹੰਝੂ ਗੈਸ ਦਾ ਗੋਲਾ, (ਇਨਸੈੱਟ) ਸ਼ੁਭਕਰਨ ਸਿੰਘ।

ਖਨੌਰੀ ਬਾਰਡਰ ਉਪਰ ਹਰਿਆਣਾ ਪੁਲਸ ਤੇ ਕੇਂਦਰੀ ਸੁਰੱਖਿਆ ਬਲਾਂ ਵੱਲੋਂ ਅੱਥਰੂ ਗੈਸ ਦੇ ਗੋਲਿਆਂ, ਰਬੜ ਦੀਆਂ ਗੋਲੀਆਂ ਅਤੇ ਪਾਣੀ ਦੀਆਂ ਬੁਛਾੜਾਂ ਨਾਲ ਕੀਤੀ ਕਾਰਵਾਈ 'ਚ ਕਿਸਾਨ ਆਗੂ ਬਲਦੇਵ ਸਿੰਘ ਸਿਰਸਾ ਸਮੇਤ ਕਰੀਬ ਦੋ ਦਰਜਨ ਕਿਸਾਨ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਨੂੰ ਪਾਤੜਾਂ ਅਤੇ ਹੋਰ ਨੇੜਲੇ ਹਸਪਤਾਲਾਂ ਵਿਚ ਦਾਖਲ ਕਰਵਾਇਆ ਗਿਆ ਹੈ। ਕਿਸਾਨਾਂ ਨੇ ਖੇਤਾਂ ਵਿੱਚੀਂ ਵਧਣ ਦਾ ਯਤਨ ਕੀਤਾ, ਪਰ ਹਰਿਆਣਾ ਪੁਲਸ ਨੇ ਸਖਤ ਕਾਰਵਾਈ ਕਰ ਦਿੱਤੀ।

ਸ਼ੰਭੂ ਬੈਰੀਅਰ 'ਤੇ ਮੰਗਲਵਾਰ ਰਾਤ ਪਹੁੰਚੀ ਜੇ ਸੀ ਬੀ ਮਸ਼ੀਨ ਨੂੰ ਮੋਰਚੇ ਤੱਕ ਜਾਣ ਤੋਂ ਰੋਕਣ ਮੌਕੇ ਐੱਸ ਪੀ ਸਮੇਤ ਦੋ ਪੁਲਸ ਅਧਿਕਾਰੀ ਜ਼ਖਮੀ ਹੋ ਗਏ। ਐੱਸ ਪੀ ਜਗਵਿੰਦਰ ਚੀਮਾ ਨੂੰ ਏ ਪੀ ਜੈਨ ਸਿਵਲ ਹਸਪਤਾਲ ਰਾਜਪੁਰਾ ਵਿਖੇ ਦਾਖਲ ਕਰਾਇਆ ਗਿਆ। ਕੁਝ ਕਿਸਾਨ ਜੇ ਸੀ ਬੀ ਲੈ ਕੇ ਸ਼ੰਭੂ ਮੋਰਚੇ ਵੱਲ ਵਧ ਰਹੇ ਸਨ ਤਾਂ ਉਨ੍ਹਾਂ ਨੂੰ

● ਬਾਕੀ ਸਫ਼ਾ 2 'ਤੇ

ਕੇਂਦਰ ਵੱਲੋਂ ਪੰਜਾਬ ਨੂੰ ਸਖਤੀ ਦੀ ਸਲਾਹ

ਨਵੀਂ ਦਿੱਲੀ : ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ ਸਰਕਾਰ ਨੂੰ ਐਡਵਾਈਜ਼ਰੀ ਭੇਜ ਕੇ ਕਿਸਾਨ ਅੰਦੋਲਨ ਦੇ ਮੱਦੇਨਜ਼ਰ ਰਾਜ 'ਚ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਕਿਹਾ ਹੈ। ਮੰਤਰਾਲੇ ਨੇ ਕਿਹਾ ਹੈ ਕਿ ਉਸ ਦੇ ਧਿਆਨ 'ਚ ਆਇਆ ਹੈ ਕਿ ਪੰਜਾਬ-ਹਰਿਆਣਾ ਸਰਹੱਦ 'ਤੇ 1,200 ਟਰੈਕਟਰ-ਟਰਾਲੀਆਂ, 300 ਕਾਰਾਂ, 10 ਮਿੰਨੀ-ਬੱਸਾਂ ਅਤੇ ਛੋਟੇ ਵਾਹਨਾਂ ਨਾਲ 14,000 ਤੋਂ ਵੱਧ ਲੋਕ ਇਕੱਠੇ ਹੋਏ ਹਨ। ਉਸ ਨੇ ਇਸ ਲਈ ਅਤੇ ਸੂਬੇ 'ਚ ਵਿਗੜ ਰਹੀ ਅਮਨ-ਕਾਨੂੰਨ ਦੀ ਸਥਿਤੀ ਬਾਰੇ ਚਿੰਤਾ ਪ੍ਰਗਟਾਈ। ਗ੍ਰਹਿ ਮੰਤਰਾਲੇ ਨੇ ਪੰਜਾਬ ਸਰਕਾਰ ਨੂੰ ਸ਼ਰਾਰਤੀ ਅਨਸਰਾਂ ਵਿਰੁੱਧ ਸਖਤ ਕਾਰਵਾਈ ਕਰਨ ਲਈ ਕਿਹਾ ਹੈ।

ਆਗੂ ਹੀ ਦਿੱਲੀ ਵੱਲ ਮਾਰਚ ਕਰਨਗੇ : ਪੰਧੇਰ

ਨਵੀਂ ਦਿੱਲੀ : ਪੰਜਾਬ ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਦੇ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ ਨੇ ਬੁੱਧਵਾਰ ਕਿਹਾ ਕਿ ਸਾਰੇ ਕਿਸਾਨ ਇਕੱਠੇ ਹੋ ਕੇ 'ਦਿੱਲੀ ਚਲੋ' ਮਾਰਚ ਨਹੀਂ ਕਰਨਗੇ। ਸਿਰਫ ਕਿਸਾਨ ਆਗੂ ਹੀ ਰਾਜਧਾਨੀ ਵੱਲ ਮਾਰਚ ਕਰਨਗੇ। ਉਨ੍ਹਾ ਕਿਹਾ-ਅਸੀਂ ਫੈਸਲਾ ਕੀਤਾ ਹੈ ਕਿ ਕੋਈ ਵੀ ਕਿਸਾਨ, ਨੌਜਵਾਨ ਅੱਗੇ ਨਹੀਂ ਵਧੇਗਾ। ਆਗੂ ਦਿੱਲੀ ਵੱਲ ਮਾਰਚ ਕਰਨਗੇ। ਅਸੀਂ ਆਪਣੇ ਜਵਾਨਾਂ 'ਤੇ ਹਮਲਾ ਨਹੀਂ ਕਰਾਂਗੇ। ਅਸੀਂ ਸ਼ਾਂਤੀ ਨਾਲ ਚੱਲਾਂਗੇ। ਇਹ ਸਭ ਕੁਝ ਖਤਮ ਹੋ ਸਕਦਾ ਹੈ ਜੇ ਕੇਂਦਰ ਸਰਕਾਰ ਐੱਮ ਐੱਸ ਪੀ 'ਤੇ ਕਾਨੂੰਨ ਬਣਾਵੇ।

ਬੇਗਮਪੁਰਾ ਐੱਕਸਪ੍ਰੈੱਸ ਵਾਰਾਨਸੀ ਲਈ ਰਵਾਨਾ

ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)-1700 ਤੋਂ ਵੱਧ ਸ਼ਰਧਾਲੂ ਬੁੱਧਵਾਰ ਸ੍ਰੀ ਗੁਰੂ ਰਵਿਦਾਸ ਜੀ ਦਾ 647ਵਾਂ ਪ੍ਰਕਾਸ਼ ਦਿਹਾੜਾ ਮਨਾਉਣ ਲਈ ਬੇਗਮਪੁਰਾ ਐੱਕਸਪ੍ਰੈੱਸ ਰਾਹੀਂ ਵਾਰਾਨਸੀ ਲਈ ਰਵਾਨਾ ਹੋਏ।

ਕਸ਼ਮੀਰ ਨੂੰ ਜਾਂਦੇ ਸਾਰੇ ਰਾਹ ਬੰਦ

ਸ੍ਰੀਨਗਰ : 48 ਘੰਟਿਆਂ ਦੌਰਾਨ ਭਾਰੀ ਬਰਫਬਾਰੀ ਅਤੇ ਮੋਹਲੇਧਾਰ ਬਾਰਸ਼ ਕਾਰਨ ਬੁੱਧਵਾਰ ਕਸ਼ਮੀਰ ਨੂੰ ਜਾਣ ਵਾਲੀਆਂ ਸਾਰੀਆਂ ਸੜਕਾਂ ਆਵਾਜਾਈ ਲਈ ਬੰਦ ਰਹੀਆਂ। ਸ੍ਰੀਨਗਰ-ਜੰਮੂ ਕੌਮੀ ਸ਼ਾਹਰਾਹ 'ਤੇ ਕਈ ਥਾਵਾਂ 'ਤੇ ਢਿੱਗਾਂ ਡਿੱਗਣ ਕਾਰਨ ਆਵਾਜਾਈ ਠੱਪ ਹੋ ਗਈ। ਇਸ ਦੌਰਾਨ ਘਾਟੀ ਵੱਲ ਜਾਣ ਵਾਲੇ ਹੋਰ ਸਾਰੇ ਹਾਈਵੇਅ ਜਿਵੇਂ ਮੁਗਲ ਰੋਡ, ਸਿੰਥਨ-ਕਿਸ਼ਤਵਾੜ ਰੋਡ, ਸ੍ਰੀਨਗਰ-ਲੇਹ ਰੋਡ ਅਤੇ ਗੁਰੇਜ਼ ਅਤੇ ਕਰਨਾਹ/ਕੇਰਨ ਦੇ ਸਰਹੱਦੀ ਖੇਤਰਾਂ ਨੂੰ ਕਸ਼ਮੀਰ ਨਾਲ ਜੋੜਨ ਵਾਲੇ ਮਾਰਗਾਂ ਨੂੰ ਵੀ ਬੰਦ ਕਰ ਦਿੱਤਾ ਗਿਆ। ਗੁਲਮਰਗ, ਸੋਨਮਰਗ, ਪਹਿਲਗਾਮ, ਡੂਡਪੱਥਰੀ, ਡਾਕਸੁਮ, ਕੋਕਰਨਾਗ ਅਤੇ ਹੋਰ ਪਹਾੜੀ ਖੇਤਰਾਂ 'ਚ 48 ਘੰਟਿਆਂ ਦੌਰਾਨ 1 ਤੋਂ 3 ਫੁੱਟ ਤੱਕ ਬਰਫਬਾਰੀ ਹੋਈ ਹੈ।

ਭਾਰਤ ਤੇ ਚੀਨ ਸਰਹੱਦ 'ਤੇ ਸ਼ਾਂਤੀ ਬਣਾਈ ਰੱਖਣ 'ਤੇ ਸਹਿਮਤ

ਨਵੀਂ ਦਿੱਲੀ : ਭਾਰਤ ਅਤੇ ਚੀਨ ਨੇ ਇਸ ਹਫਤੇ ਦੇ ਸ਼ੁਰੂ 'ਚ ਉੱਚ ਪੱਧਰੀ ਫੌਜੀ ਗੱਲਬਾਤ ਦੇ ਇੱਕ ਨਵੇਂ ਦੌਰ 'ਚ ਪੂਰਬੀ ਲੱਦਾਖ 'ਚ ਅਸਲ ਕੰਟਰੋਲ ਰੇਖਾ (ਐੱਲ ਏ ਸੀ) ਦੇ ਨਾਲ ਸਰਹੱਦੀ ਖੇਤਰਾਂ 'ਚ ਸ਼ਾਂਤੀ ਅਤੇ ਸਦਭਾਵਨਾ ਬਣਾਈ ਰੱਖਣ ਲਈ ਸਹਿਮਤੀ ਪ੍ਰਗਟਾਈ। ਮਾਹਰਾਂ ਦਾ ਕਹਿਣਾ ਹੈ ਕਿ ਵਿਵਾਦ ਵਾਲੇ ਖੇਤਰਾਂ 'ਚ ਹੱਲ ਕੱਢਣ ਲਈ ਸਾਢੇ ਤਿੰਨ ਸਾਲ ਤੋਂ ਚੱਲ ਰਹੀ ਕੋਸ਼ਿਸ਼ ਬਾਰੇ ਸੋਮਵਾਰ ਨੂੰ ਹੋਈ ਗੱਲਬਾਤ 'ਚ ਕੋਈ ਸਪੱਸ਼ਟ ਪ੍ਰਗਤੀ ਨਹੀਂ ਹੋਈ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਭਾਰਤ ਅਤੇ ਚੀਨ ਵਿਚਾਲੇ ਕੋਰ ਕਮਾਂਡਰ ਪੱਧਰ ਦੀ 21ਵੀਂ ਬੈਠਕ 19 ਫਰਵਰੀ ਨੂੰ ਚੁਸ਼ੂਲ-ਮੋਲਡੋ ਸਰਹੱਦ 'ਤੇ ਹੋਈ ਸੀ।

ਅਮਰੀਕੀ ਸੇਬ ਖਾਤਾ ਹੈ ਇੰਡੀਆ

ਵਾਸ਼ਿੰਗਟਨ : ਅਮਰੀਕਾ ਤੋਂ ਭਾਰਤ ਨੂੰ ਸੇਬਾਂ ਦੀ ਬਰਾਮਦ ਪਿਛਲੇ ਸਾਲ ਦੇ ਮੁਕਾਬਲੇ 16 ਗੁਣਾ ਵਧੀ ਹੈ। ਭਾਰਤ ਵੱਲੋਂ 2019 'ਚ ਅਮਰੀਕੀ ਉਤਪਾਦਾਂ 'ਤੇ ਲਗਾਈ ਗਈ 20 ਫੀਸਦੀ ਡਿਊਟੀ ਨੂੰ ਹਟਾਉਣ ਦੇ ਫੈਸਲੇ ਤੋਂ ਬਾਅਦ ਇਹ ਬਰਾਮਦ ਵਧੀ ਹੈ। ਵਾਸ਼ਿੰਗਟਨ ਸੂਬੇ ਦੇ ਸੇਬ ਉਤਪਾਦਕਾਂ ਨੇ ਇਸ ਸਾਲ ਭਾਰਤ ਨੂੰ ਸੇਬ ਦੇ ਕਰੀਬ 10 ਲੱਖ ਡੱਬੇ ਭੇਜੇ ਹਨ, ਜੋ ਪਿਛਲੇ ਸਾਲ ਨਾਲੋਂ 16 ਗੁਣਾ ਵੱਧ ਹਨ।

ਪੱਤਰਕਾਰਾਂ ਲਈ ਸੂਚਨਾ

'ਨਵਾਂ ਜ਼ਮਾਨਾ' ਦੇ ਜਿਨ੍ਹਾਂ ਪ੍ਰਤੀਨਿਧਾਂ ਦੇ ਸ਼ਨਾਖਤੀ ਕਾਰਡ ਦੀ ਮਿਆਦ ਲੰਘ ਚੁੱਕੀ ਹੈ, ਉਨ੍ਹਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪੋ-ਆਪਣੇ ਕਾਰਡ ਜਲਦੀ ਤੋਂ ਜਲਦੀ 'ਨਵਾਂ ਜ਼ਮਾਨਾ' ਦਫਤਰ ਆ ਕੇ ਬਾਅਦ ਦੁਪਹਿਰ ਸ਼ੁੱਕਰਵਾਰ ਅਤੇ ਸੋਮਵਾਰ ਨੂੰ 2 ਵਜੇ ਤੋਂ ਸ਼ਾਮ 5 ਵਜੇ ਤੱਕ ਨਵਿਆਉਣ। ਪਿਛਲੇ ਸਾਲ ਦੀ ਅਧਿਕਾਰਤ ਪੱਤਰ ਦੀ ਕਾਪੀ ਨਾਲ ਲਿਆਉਣ। *-ਮੈਨੇਜਰ*

ਭਾਈਓ ਔਰ ਬਹਨੋ, ਅਮੀਨ ਸਯਾਨੀ ਖਾਮੋਸ਼

ਮੁੰਬਈ : "ਨਮਸਤੇ ਭਾਈਓ ਔਰ ਬਹਨੋ, ਮੈਂ ਆਪਕਾ ਦੋਸਤ ਅਮੀਨ ਸਯਾਨੀ ਬੋਲ ਰਹਾ ਹੂੰ।" 42 ਵਰ੍ਹੇ ਆਪਣੇ ਇਸ ਸ਼ਾਨਦਾਰ ਅੰਦਾਜ਼ ਤੇ ਆਵਾਜ਼ ਨਾਲ ਲੋਕਾਂ ਨੂੰ ਰੇਡੀਓ ਦਾ ਦੀਵਾਨਾ ਬਣਾਉਣ ਵਾਲੇ ਅਮੀਨ ਸਯਾਨੀ ਦਾ 91 ਸਾਲ ਦੀ ਉਮਰ 'ਚ ਦੇਹਾਂਤ ਹੋ ਗਿਆ। ਬੇਟੇ ਰਜਿਲ ਨੇ ਦੱਸਿਆ ਕਿ ਉਨ੍ਹਾ ਨੂੰ ਮੰਗਲਵਾਰ ਸ਼ਾਮੀਂ 6 ਵਜੇ ਹਾਰਟ ਅਟੈਕ ਹੋਇਆ। ਹਸਪਤਾਲ ਲਿਜਾਇਆ ਗਿਆ, ਪਰ 7 ਵਜੇ ਦੇਹਾਂਤ ਹੋ ਗਿਆ। ਅਮੀਨ ਸਯਾਨੀ ਨੇ 1952 ਤੋਂ 1994 ਤੱਕ ਰੇਡੀਓ ਸ਼ੋਅ 'ਗੀਤ ਮਾਲਾ' ਪੇਸ਼ ਕੀਤਾ, ਜੋ ਕਾਫੀ ਮਕਬੂਲ ਹੋਇਆ।

21 ਦਸੰਬਰ 1932 ਨੂੰ ਮੁੰਬਈ ਵਿਚ ਜਨਮ ਲੈਣ ਵਾਲੇ ਅਮੀਨ ਬਹੁਭਾਸ਼ਾਈ ਪਰਵਾਰ ਨਾਲ ਸੰਬੰਧ ਰੱਖਦੇ ਸਨ। ਉਹ ਬਚਪਨ ਤੋਂ ਹੀ ਰਚਨਾਤਮਕ ਸਨ ਤੇ ਉਨ੍ਹਾ ਆਪਣੀ ਮਾਤਾ ਦੇ ਪੰਦਰਵਾੜਾ 'ਰਹਿਬਰ' ਲਈ 13 ਸਾਲ ਦੀ

ਉਮਰ ਵਿਚ ਲਿਖਣਾ ਸ਼ੁਰੂ ਕਰ ਦਿੱਤਾ ਸੀ। ਉਦੋਂ ਹੀ ਉਹ ਇੰਗਲਿਸ਼ ਦੇ ਬਰਾਡਕਾਸਟਰ ਬਣ ਗਏ ਸਨ ਅਤੇ ਆਲ ਇੰਡੀਆ ਰੇਡੀਓ ਬੰਬੇ ਦੀ ਇੰਗਲਿਸ਼ ਸੇਵਾ ਦੇ ਬੱਚਿਆਂ ਦੇ ਪ੍ਰੋਗਰਾਮਾਂ ਵਿਚ ਹਿੱਸਾ ਲੈਣ ਲੱਗ ਪਏ ਸਨ। ਸਯਾਨੀ ਦੀ ਹਿੰਦੀ ਵਿਚ ਪੇਸ਼ਕਾਰੀ ਦੀ ਇੱਛਾ ਨੂੰ ਉਦੋਂ ਧੱਕਾ ਲੱਗਾ ਸੀ, ਜਦੋਂ ਆਵਾਜ਼ ਵਿਚ ਹਲਕਾ ਜਿਹਾ ਗੁਜਰਾਤੀ ਪੁੱਠ ਹੋਣ ਕਰਕੇ ਉਨ੍ਹਾ ਨੂੰ ਰੱਦ ਕਰ ਦਿੱਤਾ ਗਿਆ।

● ਬਾਕੀ ਸਫ਼ਾ 2 'ਤੇ

ਨਵਾਜ਼ਾਂ ਤੇ ਭੁੱਟੋਆਂ ਵਿਚਾਲੇ ਸੌਦਾ ਵੱਜ ਗਿਆ

ਇਸਲਾਮਾਬਾਦ : ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ ਐੱਮ ਐੱਲ-ਐੱਨ) ਅਤੇ ਪਾਕਿਸਤਾਨ ਪੀਪਲਜ਼ ਪਾਰਟੀ (ਪੀ ਪੀ ਪੀ) ਵਿਚਾਲੇ ਸਰਕਾਰ ਕਾਇਮ ਕਰਨ ਬਾਰੇ ਗੱਲਬਾਤ ਆਖਰਕਾਰ ਸਫਲ ਹੋ ਗਈ ਅਤੇ ਨਵੀਂ ਗਠਜੋੜ ਸਰਕਾਰ ਬਣਾਉਣ ਲਈ ਦੋਵਾਂ ਪਾਰਟੀਆਂ ਵਿਚਾਲੇ ਸਮਝੌਤਾ ਹੋ ਗਿਆ ਹੈ। ਪੀ ਪੀ ਪੀ ਦੇ ਚੇਅਰਮੈਨ ਬਿਲਾਵਲ ਭੁੱਟੋ-ਜਰਦਾਰੀ ਨੇ ਮੰਗਲਵਾਰ ਦੇਰ ਰਾਤ ਸਾਂਝੀ ਪ੍ਰੈੱਸ ਕਾਨਫਰੰਸ 'ਚ ਇਹ ਐਲਾਨ ਕੀਤਾ ਕਿ ਪੀ ਐੱਮ ਐੱਲ-ਐੱਨ ਦੇ ਪ੍ਰਧਾਨ ਸ਼ਾਹਬਾਜ਼ ਸ਼ਰੀਫ (72) ਪ੍ਰਧਾਨ ਮੰਤਰੀ ਵਜੋਂ ਅਹੁਦਾ ਸੰਭਾਲਣਗੇ, ਜਦੋਂ ਕਿ ਪੀ ਪੀ ਪੀ ਦੇ ਉਪ ਚੇਅਰਮੈਨ ਆਸਿਫ ਜ਼ਰਦਾਰੀ (68) ਦੂਜੀ ਵਾਰ ਦੇਸ਼ ਦੇ ਰਾਸ਼ਟਰਪਤੀ ਬਣਨਗੇ। ਬਿਲਾਵਲ ਨੇ ਪੱਤਰਕਾਰਾਂ ਨੂੰ ਕਿਹਾ—ਪੀ ਪੀ ਪੀ ਅਤੇ ਪੀ ਐੱਮ ਐੱਲ-ਐੱਨ ਕੋਲ ਕਾਫੀ ਤਾਕਤ ਹੈ ਅਤੇ (ਹੁਣ) ਅਸੀਂ ਸਰਕਾਰ ਬਣਾਉਣ ਦੀ ਸਥਿਤੀ 'ਚ ਹਾਂ।

ਉਨ੍ਹਾ ਕਿਹਾ ਕਿ

● ਬਾਕੀ ਸਫ਼ਾ 2 'ਤੇ

'ਇੰਡੀਆ' ਲਈ ਪਹਿਲੀ ਚੰਗੀ ਖਬਰ ਯੂ ਪੀ ਤੋਂ

ਸਮਝੌਤੇ ਤਹਿਤ ਕਾਂਗਰਸ ਅਮੇਠੀ ਤੇ ਰਾਏਬਰੇਲੀ ਸਣੇ 17 ਸੀਟਾਂ ਲੜੇਗੀ, ਬਾਕੀ 63 ਸਪਾ ਤੇ ਦੂਜੀਆਂ ਭਾਈਵਾਲ ਪਾਰਟੀਆਂ

ਲਖਨਊ : ਆਪੋਜ਼ੀਸ਼ਨ ਪਾਰਟੀਆਂ ਦੇ ਗੱਠਜੋੜ 'ਇੰਡੀਆ' ਲਈ ਯੂ ਪੀ ਤੋਂ ਬੁੱਧਵਾਰ ਚੰਗੀ ਖਬਰ ਨਿਕਲੀ, ਜਦੋਂ ਸਮਾਜਵਾਦੀ ਪਾਰਟੀ ਤੇ ਕਾਂਗਰਸ ਨੇ ਲੋਕ ਸਭਾ ਚੋਣਾਂ ਲਈ ਸੀਟਾਂ ਦੀ ਵੰਡ ਦਾ ਐਲਾਨ ਕੀਤਾ। ਕੁੱਲ 80 ਸੀਟਾਂ ਵਿੱਚੋਂ 17 ਕਾਂਗਰਸ ਦੇ ਹਿੱਸੇ ਆਈਆਂ ਹਨ, ਜਦਕਿ ਸਮਾਜਵਾਦੀ ਪਾਰਟੀ ਬਾਕੀ 63 ਸੀਟਾਂ ਵਿੱਚੋਂ ਹੋਰਨਾਂ ਭਾਈਵਾਲਾਂ ਨੂੰ ਵੀ ਦੇਵੇਗੀ। 2019 ਦੀਆਂ ਚੋਣਾਂ ਵਿਚ ਕਾਂਗਰਸ ਸਿਰਫ ਰਾਏਬਰੇਲੀ ਦੀ ਸੀਟ ਹੀ ਜਿੱਤ ਸਕੀ ਸੀ। ਕਾਂਗਰਸ ਦੇ ਯੂ ਪੀ ਦੇ ਇੰਚਾਰਜ ਅਵਿਨਾਸ਼ ਪਾਂਡੇ ਨੇ ਸਮਾਜਵਾਦੀ ਪਾਰਟੀ ਦੇ ਆਗੂਆਂ ਨਾਲ ਸਾਂਝੀ ਪ੍ਰੈੱਸ ਕਾਨਫਰੰਸ ਵਿਚ ਕਿਹਾ—ਮੈਂ ਤੁਹਾਨੂੰ ਇਹ ਦੱਸਦਿਆਂ ਖੁਸ਼ੀ ਮਹਿਸੂਸ ਕਰ ਰਿਹਾ ਹਾਂ ਕਿ ਯੂ ਪੀ 'ਚ ਕਾਂਗਰਸ 17 ਸੀਟਾਂ ਲੜੇਗੀ ਤੇ ਬਾਕੀ 63 ਸੀਟਾਂ ਸਪਾ ਤੇ ਦੂਜੀਆਂ ਭਾਈਵਾਲ ਪਾਰਟੀਆਂ ਲੜਨਗੀਆਂ। ਰਿਪੋਰਟਾਂ ਮੁਤਾਬਕ ਸੀਟਾਂ ਦੀ ਵੰਡ ਸਿਰੇ ਲਾਉਣ ਵਿਚ ਪ੍ਰਿਅੰਕਾ ਗਾਂਧੀ ਨੇ ਅਹਿਮ ਰੋਲ ਅਦਾ ਕੀਤਾ। ਉਸ ਨੇ ਸਪਾ ਪ੍ਰਧਾਨ ਅਖਿਲੇਸ਼ ਯਾਦਵ ਨਾਲ ਸਵੇਰੇ ਫੋਨ 'ਤੇ ਗੱਲ ਕੀਤੀ ਤੇ ਅਖਿਲੇਸ਼ ਨੇ ਫਿਰ ਕਿਹਾ—ਅੰਤ ਭਲਾ ਸੋ ਭਲਾ। ਕਾਂਗਰਸ ਦੇ ਹਿੱਸੇ ਆਈਆਂ ਸੀਟਾਂ ਵਿਚ ਰਾਏ ਬਰੇਲੀ, ਅਮੇਠੀ, ਕਾਨਪੁਰ ਸ਼ਹਿਰ, ਫਤਿਹਪੁਰ ਸੀਕਰੀ, ਬੰਸਗਾਓਂ, ਸਹਾਰਨਪੁਰ, ਪ੍ਰਯਾਗਰਾਜ, ਮਹਾਰਾਜਗੰਜ, ਵਾਰਾਨਸੀ, ਅਮਰੋਹਾ, ਝਾਂਸੀ, ਬੁਲੰਦਸ਼ਹਿਰ, ਗਾਜ਼ੀਆਬਾਦ, ਮਥੁਰਾ, ਸੀਤਾਪੁਰ, ਬਾਰਾਬੰਕੀ ਤੇ ਦਿਓਰੀਆ ਸ਼ਾਮਲ ਹਨ। ਕਾਂਗਰਸ ਨੇ ਸਪਾ ਲਈ ਮੱਧ ਪ੍ਰਦੇਸ਼ ਵਿੱਚ ਖਜੂਰਾਹੋ ਸੀਟ ਛੱਡੀ ਹੈ।

ਨਾਮਵਰ ਕਾਨੂੰਨੀ ਮਾਹਰ ਫਲੀ ਐੱਸ ਨਰੀਮਨ ਨਹੀਂ ਰਹੇ

ਨਵੀਂ ਦਿੱਲੀ : ਕਾਨੂੰਨੀ ਮਾਹਰ ਅਤੇ ਉੱਘੇ ਵਕੀਲ ਫਲੀ ਐੱਸ ਨਰੀਮਨ ਦਾ ਬੁੱਧਵਾਰ 95 ਸਾਲ ਦੀ ਉਮਰ 'ਚ ਦੇਹਾਂਤ ਹੋ ਗਿਆ। ਉਹ ਦਿਲ ਦੀਆਂ ਸਮੱਸਿਆਵਾਂ ਸਮੇਤ ਕਈ ਬਿਮਾਰੀਆਂ ਤੋਂ ਪੀੜਤ ਸਨ। ਆਪਣੇ ਲੰਬੇ ਅਤੇ ਸ਼ਾਨਦਾਰ ਕਰੀਅਰ 'ਚ ਨਰੀਮਨ ਨੇ ਮਸ਼ਹੂਰ ਕੌਮੀ ਨਿਆਇਕ ਨਿਯੁਕਤੀ ਕਮਿਸ਼ਨ ਕੇਸ ਸਮੇਤ ਕਈ ਮਹੱਤਵਪੂਰਨ ਮਾਮਲਿਆਂ 'ਚ ਬਹਿਸ ਕੀਤੀ। ਨਰੀਮਨ ਦਾ ਜਨਮ 10 ਜਨਵਰੀ 1929 ਨੂੰ ਹੋਇਆ ਸੀ ਅਤੇ 1972 ਤੋਂ 1975 ਦਰਮਿਆਨ ਐਡੀਸ਼ਨਲ ਸਾਲਿਸਟਰ ਜਨਰਲ ਵਜੋਂ ਸੇਵਾ ਨਿਭਾਈ। ਉਨ੍ਹਾ ਐਮਰਜੰਸੀ ਦੌਰਾਨ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਨਰੀਮਨ ਨੂੰ

ਜਨਵਰੀ 1991 'ਚ ਪਦਮ ਭੂਸ਼ਣ ਅਤੇ 2007 'ਚ ਪਦਮ ਵਿਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ ਸੀ। ਉਨ੍ਹਾ ਦਾ ਪੁੱਤਰ ਰੋਹਿੰਟਨ

22-FEB-PAGE-1.qxd 2/21/2024 9:43 PM Page 2

ਸਿਹਤ ਵਿਭਾਗ ਦੀ ਟੀਮ ਨੇ ਸਕੂਲੀ ਵਿਦਿਆਰਥੀਆਂ ਨੂੰ ਗੈਰ-ਸੰਚਾਰੀ ਬਿਮਾਰੀਆਂ ਸੰਬੰਧੀ ਕੀਤਾ ਜਾਗਰੂਕ

ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸਿਹਤ ਵਿਭਾਗ ਦੀ ਟੀਮ ਜਿਸ ਵਿੱਚ ਫੂਡ ਸੇਫ਼ਟੀ ਅਫ਼ਸਰ ਮਹਿਕ ਸੈਣੀ, ਕਨਵਰਜੀਤ ਸਿੰਘ, ਜਿਲਾ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ ਬਲਜਿੰਦਰ ਸਿੰਘ, ਜਸਵਿੰਦਰ ਕੌਰ ਅਤੇ ਸਿਹਤ ਸੁਪਰਵਾਈਜ਼ਰ ਸੱਤਿਆਪਾਲ ਵੱਲੋਂ ਪਾਇਨ ਗਰੋਵ ਸੀਨੀਅਰ ਸੈਕੰਡਰੀ ਸਕੂਲ, ਬਸੀ ਪਠਾਣਾਂ ਦੇ ਵਿਦਿਆਰਥੀਆਂ ਨੂੰ ਗੈਰ-ਸੰਚਾਰੀ ਬਿਮਾਰੀਆਂ, ਫੂਡ ਸੇਫਟੀ ਅਤੇ ਸਿਹਤ ਸਬੰਧੀ ਜਾਗਰੂਕ ਕੀਤਾ ਗਿਆ।ਟੀਮ ਨੇ ਸਰਕਾਰ ਵੱਲੋਂ ਭੇਜੀ ਫੂਡ ਸੇਫਟੀ ਵੈਨ ਦੁਆਰਾ ਵੀਡੀਓ ਦਿਖਾ ਕੇ ਵੀ ਗੈਰ ਸੰਚਾਰੀ ਬਿਮਾਰੀਆਂ ਤੇ ਸਿਹਤ ਸਬੰਧੀ ਜਾਗਰੂਕ ਕੀਤਾ ਅਤੇ ਸਕੂਲੀ ਵਿਦਿਆਰਥੀਆਂ ਨੂੰ ਵੇਰਕਾ ਮੈਗਾ ਡੇਅਰੀ, ਬਸੀ ਪਠਾਣਾ ਦਾ ਦੌਰਾ ਕਰਾਇਆ ਗਿਆ, ਜਿੱਥੇ ਉਨ੍ਹਾਂ ਨੂੰ ਦੁੱਧ ਦੀ ਸਾਂਭ ਸੰਭਾਲ, ਉੱਚਿਤ ਤਾਪਮਾਨ, ਰੱਖ-ਰਖਾਅ, ਖਾਣ ਪੀਣ ਵਾਲੇ ਪਦਾਰਥਾਂ ਦੀ ਸੈਂਪਲਿੰਗ, ਮਿਆਦ ਦੀ ਮਿਤੀ ਅਤੇ ਫੂਡ ਸੇਫਟੀ ਐਕਟ ਬਾਰੇ ਸਿਹਤ ਵਿਭਾਗ ਦੀ ਟੀਮ ਵੱਲੋਂ ਜਾਗਰੂਕ ਕੀਤਾ ਗਿਆ।ਡਿਪਟੀ ਜਨਰਲ ਮੈਨੇਜਰ ਸ੍ਰੀ ਰਜਤ ਖੰਨਾ ਨੇ ਦੌਰੇ 'ਤੇ ਆਏ ਸਕੂਲੀ ਵਿਦਿਆਰਥੀਆਂ ਨੂੰ ਦੱਸਿਆ ਕਿ ਵੇਰਕਾ ਦਾ ਇਹ ਮਿਲਕ ਪਲਾਂਟ ਅਤੀ ਆਧੁਨਿਕ ਸਵੈਚਾਲਕ ਯੂਐਚਟੀ ਪਲਾਂਟ ਹੈ, ਇਸ ਵਿੱਚ ਮਸ਼ੀਨਰੀ ਦੁਆਰਾ ਦੁੱਧ ਦੀ ਪੈਕੇਜਿੰਗ ਨੂੰ ਸੁਚਾਰੂ ਢੰਗ ਨਾਲ ਕੀਤਾ ਜਾਂਦਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਰੋਜ਼ਾਨਾ ਖੁਰਾਕ ਵਿੱਚ ਦੁੱਧ ਦੀ ਵਰਤੋਂ ਕਰਨ ਨਾਲ ਸਰੀਰ ਨੂੰ ਹੋਣ ਵਾਲੇ ਫ਼ਾਇਦਿਆਂ ਬਾਰੇ ਵੀ ਜਾਣਕਾਰੀ ਦਿੱਤੀ।ਸ੍ਰੀ ਨਿਤਿਨ ਅਰੋੜਾ ਇੰਚਾਰਜ ਉਤਪਾਦਨ ਅਤੇ ਮਿਸ਼ ਨਿਕਿਤਾ, ਸਹਾਇਕ ਮੈਨੇਜਰ, ਉਤਪਾਦਨ ਨੇ ਦੁੱਧ ਦੀ ਖਰੀਦ ਪ੍ਰੋਸੈਸਿੰਗ ਅਤੇ ਪੈਕ ਕੀਤੇ ਦੁੱਧ ਬਾਰੇ ਬੱਚਿਆਂ ਨੂੰ ਜਾਣੂ ਕਰਾਇਆ।

ਮਾਂ ਬੋਲੀ ਦਿਵਸ ਦੇ ਸੰਬੰਧ 'ਚ ਮਾਰਚ

ਸੰਗਰੂਰ (ਪ੍ਰਵੀਨ ਸਿੰਘ) ਪੰਜਾਬੀ ਸਾਹਿਤ ਸਭਾ ਦੇ ਲੇਖਕਾਂ ਨੇ ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਲਈ ਮਾਂ ਬੋਲੀ ਦਿਵਸ ਵਜੋਂ ਪ੍ਰਚਾਰ ਮਾਰਚ ਕੀਤਾ ਗਿਆ।ਲੇਖਕਾਂ ਦੇ ਹੱਥਾਂ ਵਿੱਚ 'ਘਰ ਤੇ

ਬਾਹਰ ਪੰਜਾਬੀ ਬੋਲੋ, ਪੰਜਾਬੀ ਬੋਲਦੇ ਕਦੇ ਨਾ ਡੋਲੋ' ਮਾਟੋ ਫੜੇ ਹੋਏ ਸਨ।ਮਾਰਚ ਵਿੱਚ ਡਾ. ਭਗਵੰਤ ਸਿੰਘ, ਡਾ. ਇਕਬਾਲ ਸਿੰਘ, ਡਾ. ਤੇਜਵੰਤ ਮਾਨ, ਡਾ. ਨਰਵਿੰਦਰ ਸਿੰਘ ਕੌਸ਼ਲ, ਹਰੀ ਰਾਮ, ਜੰਗ ਸਿੰਘ ਫੱਟੜ, ਗੁਰਨਾਮ ਸਿੰਘ ਕਾਨੂੰਨਗੋ (ਰਿਟਾ.), ਅੰਮ੍ਰਿਤਪਾਲ ਅਜੀਜ਼, ਕੁਲਵੰਤ ਕਸਕ, ਫ਼ਤਿਹ ਪ੍ਰਭਾਕਰ, ਨਿਹਾਲ ਸਿੰਘ, ਜਗਦੀਪ ਸਿੰਘ ਗੰਧਾਰਾ ਐਡਵੋਕੇਟ, ਸੁਰਿੰਦਰਪਾਲ ਸਿੱਦਕੀ ਆਦਿ ਨੇ ਹਿੱਸਾ ਲਿਆ।ਇਹ ਮਾਰਚ ਪੱਛਮੀ ਬੰਗਾਲ ਹਾਲ ਬੰਗਲਾਦੇਸ਼ ਦੇ ਛੇ ਵਿਦਿਆਰਥੀਆਂ ਵੱਲੋਂ ਮਾਂ ਬੋਲੀ ਲਈ ਸਰਕਾਰੀ ਦਮਨ ਹੇਠ ਚਲਾਈਆਂ ਗੋਲੀਆਂ ਖਾ ਕੇ ਦਿੱਤੀ ਗਈ ਬੇਮਿਸਾਲ ਕੁਰਬਾਨੀ ਨੂੰ ਸਮਰਪਤ ਸੀ।ਮਾਰਚ ਦੇ ਆਗੂਆਂ ਡਾ. ਤੇਜਵੰਤ ਮਾਨ, ਡਾ. ਭਗਵੰਤ ਸਿੰਘ ਤੇ ਡਾ. ਕੌਸ਼ਲ ਵੱਲੋਂ ਮਾਰਚ ਦੌਰਾਨ ਥਾਂ-ਥਾਂ 'ਤੇ ਭਾਸ਼ਣ ਦਿੱਤੇ ਗਏ ਅਤੇ ਲੋਕਾਂ ਨੂੰ ਮਾਂ ਬੋਲੀ ਪ੍ਰਤੀ ਜਾਗਰੂਕ ਕਰਦਿਆਂ ਛੇ ਬੰਗਲਾ ਵਿਦਿਆਰਥੀਆਂ ਦੀ ਕੁਰਬਾਨੀ ਦੇ ਮਾਨ ਸਨਮਾਨ ਵਿੱਚ ਆਪਣੀ ਮਾਂ—ਬੋਲੀ ਪੰਜਾਬੀ ਪ੍ਰਤੀ ਚੇਤਨ ਰਹਿਣ ਦੀ ਅਪੀਲ ਕੀਤੀ।ਮਾਂ-ਬੋਲੀ ਨਾਲ ਸੰਬੰਧਤ ਪੈਂਫਲਿਟ ਲੋਕਾਂ ਨੂੰ ਵੰਡੇ ਗਏ।

ਗੁਰਦੁਆਰਾ ਕਾਲਾਮਾਲਾ ਸਾਹਿਬ ਛਾਪਾ 'ਚ ਸਾਲਾਨਾ ਜੋੜ ਮੇਲਾ ਮਨਾਇਆ

ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ) ਇਤਿਹਾਸਕ ਗੁਰਦੁਆਰਾ ਸਾਹਿਬ ਕਾਲਾਮਾਲਾ ਸਾਹਿਬ ਛਾਪਾ ਵਿਖੇ ਸਾਲਾਨਾ ਜੋੜ ਮੇਲਾ ਗੁਰਦੁਆਰਾ ਕਮੇਟੀ ਦੀ ਦੇਖ-ਰੇਖ ਹੇਠ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਭਾਈ ਸਰਬਜੀਤ ਸਿੰਘ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੇ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਨੁਸਾਰ ਪਰਿਵਾਰਾਂ ਸਮੇਤ ਅੰਮ੍ਰਿਤਪਾਨ ਕਰਕੇ ਗੁਰਸਿੱਖੀ ਜੀਵਨ ਜਿਊਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਕਮੇਟੀ ਪ੍ਰਧਾਨ ਨਾਜ਼ਰ ਸਿੰਘ, ਹਰਜਿੰਦਰ ਸਿੰਘ ਫੀਡ ਵਾਲੇ, ਜਥੇਦਾਰ ਮੁਖਤਿਆਰ ਸਿੰਘ ਛਾਪਾ, ਬਲਵਿੰਦਰ ਸਿੰਘ ਬਬਲਾ, ਬਲਰਾਜ ਸਿੰਘ ਫੌਜੀ, ਬਲਵਿੰਦਰ ਸਿੰਘ, ਬਿੱਟੂ ਸਿੰਘ ਸੋਹੀ, ਮਨਦੀਪ ਸਿੰਘ, ਸਿਕੰਦਰ ਸਿੰਘ, ਮਨਜੀਤ ਸਿੰਘ ਆਦਿ ਦੀ ਅਗਵਾਈ ਹੇਠ ਭਾਈ ਸਰਬਜੀਤ ਸਿੰਘ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

ਬਲਾਕ ਪਬਲਿਕ ਹੈੱਲਥ ਯੂਨਿਟ ਦਾ ਨੀਂਹ ਪੱਥਰ ਰੱਖਿਆ

ਮਹਿਲ ਕਲਾਂ, (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ) ਪੰਜਾਬ ਸਰਕਾਰ ਵਲੋਂ ਕਮਿਊਨਿਟੀ ਹੈੱਲਥ ਸੈਂਟਰ ਮਹਿਲ ਕਲਾਂ ਵਿਖੇ ਬਣਾਏ ਜਾਣ ਵਾਲੇ ਬਲਾਕ ਪਬਲਿਕ ਹੈੱਲਥ ਯੂਨਿਟ ਦਾ ਨੀਂਹ ਪੱਥਰ 'ਆਪ' ਐਸ.ਸੀ.ਵਿੰਗ ਦੇ ਸੂਬਾ ਪ੍ਰਧਾਨ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਵਲੋਂ ਰੱਖਿਆ ਗਿਆ।ਵਿਧਾਇਕ ਪੰਡੋਰੀ ਨੇ ਦੱਸਿਆ ਕਿ ਸੂਬਾ

ਸਰਕਾਰ ਵਲੋਂ ਸੂਬੇ ਅੰਦਰ ਸਿਹਤ ਅਤੇ ਸਿੱਖਿਆ ਦੇ ਖੇਤਰ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ।ਕਮਿਊਨਿਟੀ ਹੈੱਲਥ ਸੈਂਟਰ ਮਹਿਲ ਕਲਾਂ ਵਿਖੇ ਇਲਾਕੇ ਦੇ ਲੋਕਾਂ ਲਈ ਹਰ ਸਹੂਲਤ ਦਾ ਪ੍ਰਬੰਧ ਕਰਨ ਵਾਸਤੇ ਬਲਾਕ ਪਬਲਿਕ ਹੈੱਲਥ ਯੂਨਿਟ ਬਣਾਈ ਜਾ ਰਹੀ ਹੈ, ਜਿਸ 'ਤੇ 28 ਲੱਖ ਰੁਪਏ ਖ਼ਰਚੇ ਜਾਣਗੇ। ਇਸ ਤੋਂ ਇਲਾਵਾ ਸ਼ੇਰਪੁਰ ਅਤੇ ਪੰਜਗਰਾਈਆਂ ਵਿਖੇ ਯੂਨਿਟ ਸਥਾਪਤ ਕੀਤੇ ਜਾਣਗੇ। ਐਸ.ਐਮ.ਓ. ਮਹਿਲ ਕਲਾਂ ਗੁਰਤਜਿੰਦਰ ਕੌਰ ਨੇ ਵਿਧਾਇਕ ਪੰਡੋਰੀ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਹਸਪਤਾਲ ਦੀ ਕਾਰਗੁਜ਼ਾਰੀ ਅਤੇ ਵੱਖ-ਵੱਖ ਲੋੜਾਂ ਸਬੰਧੀ ਵਿਸਥਾਰਪੂਰਵਕ ਢੰਗ ਨਾਲ ਚਾਨਣਾ ਪਾਇਆ।ਇਸ ਮੌਕੇ ਵਿਧਾਇਕ ਪੰਡੋਰੀ ਨੇ ਹਸਪਤਾਲ ਅੰਦਰ ਖੰਡਰਾਂ ਚ ਤਬਦੀਲ ਹੋ ਚੁੱਕੇ ਰਿਹਾਇਸ਼ੀ ਮਕਾਨਾਂ ਦਾ ਨਵੀਨੀਕਰਨ ਕਰਨ ਸਬੰਧੀ ਵੀ ਪੰਜਾਬ ਸਰਕਾਰ ਵਲੋਂ ਵਿਸ਼ੇਸ਼ ਰਾਸ਼ੀ ਜਾਰੀ ਕਰਾਉਣ ਦਾ ਭਰੋਸਾ ਦਿੱਤਾ।

ਅੱਜ ਬਿਜਲੀ ਬੰਦ ਰਹੇਗੀ

ਧੂਰੀ, (ਰਾਜੇਸ਼ਵਰ ਪਿੰਟੂ, ਬਿੰਨੀ ਗਰਗ) ਪਾਵਰਕਾਮ ਸ਼ਹਿਰੀ ਉਪ ਮੰਡਲ ਦੇ ਐੱਸ.ਡੀ.ਓ ਗੁਰਦੀਪਇੰਦਰ ਸਿੰਘ ਨੇ ਦੱਸਿਆ ਕਿ 66 ਕੇਵੀ ਗਰਿੰਡ ਧੂਰੀ ਤੋਂ ਚੱਲਦੇ 11 ਕੇਵੀ ਰਾਮਬਾਗ ਫੀਡਰ, 11 ਕੇਵੀ ਸਹਿਰੀ- 1ਫੀਡਰ, 11 ਕੇਵੀ ਆਰੀਆ ਕਾਲਜ ਫੀਡਰ, 11 ਕੇਵੀ ਧਰਮਪੁਰਾ ਫੀਡਰ, 11 ਕੇਵੀ ਐਮ ਕੇ ਰੋਡ ਫੀਡਰ, 11 ਕੇਵੀ ਗਊਸਾਲਾ ਫੀਡਰ, 11 ਕੇਵੀ ਮਾਰਕਫੈੱਡ ਫੀਡਰ, 11 ਕੇਵੀ ਸ਼ੂਗਰ ਮਿੱਲ ਫੀਡਰ ਅਤੇ 11 ਕੇਵੀ ਸ਼ਹਿਰੀ-2 ਫੀਡਰ ਦੀ ਸਪਲਾਈ 66 ਕੇਵੀ ਗਰਿੰਡ ਧੂਰੀ ਦੀ ਜ਼ਰੂਰੀ ਮੈਨਟੀਨੇਸ ਕਰਨ ਲਈ ਅਤੇ ਇਸ ਦੇ ਨਾਲ ਦੌਹਲਾ ਰੋਡ, ਇੰਡਸਟਰੀ ਕੈਟੈਗਿਰੀ-2, ਬਾਗੜੀਆ ਰੋਡ ਅਤੇ ਏ.ਪੀ ਫੀਡਰ ਦੀ ਸਪਲਾਈ 22 ਫ਼ਰਵਰੀ ਨੂੰ ਦੁਪਹਿਰ 01.00 ਵਜੇ ਤੋਂ ਦੁਪਹਿਰ 3.00 ਤੱਕ ਬੰਦ ਰਹੇਗੀ।

ਭਾਜਪਾ ਆਗੂ ਨੇ ਕੀਤਾ ਮਾਲ ਗੋਦਾਮ ਰੋਡ 'ਤੇ ਓਵਰਬ੍ਰਿਜ ਨੇੜੇ ਦੌਰਾ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਚਾਵਲਾ/ਪੂਜਾ)-ਭਾਜਪਾ ਦੇ ਆਗੂ ਅਨੁਰਾਗ ਰਾਹੁਲ ਸ਼ਰਮਾ ਨੇ ਦੇਰ ਸ਼ਾਮ ਛੇ ਵਜੇ ਮਾਲ ਗੋਦਾਮ ਰੋਡ ਓਵਰਬ੍ਰਿਜ ਨੇੜੇ ਦੌਰਾ ਕਰਦਿਆਂ ਚਿੰਤਾ ਜ਼ਾਹਰ ਕੀਤੀ ਕਿ ਇੱਕ ਪਾਸੇ ਰੇਲਵੇ ਸਟੇਸ਼ਨ ਦਾ ਨਵੀਨੀਕਰਨ ਹੋ ਰਿਹਾ ਹੈ। ਦੂਜੇ ਪਾਸੇ ਲੋਕਾਂ ਦੀ ਲਾਪ੍ਰਵਾਹੀ ਦੇ ਚਲਦਿਆਂ ਨਵੇਂ ਬਣੇ ਓਵਰਬ੍ਰਿਜ ਦੀ ਇੱਕ ਰੋਡ 'ਤੇ ਕੂੜੇ ਦੇ ਢੇਰ ਲੱਗ ਚੁੱਕੇ ਨੇ, ਜਿਸ ਨਾਲ ਇੱਥੋਂ ਲੰਘਣਾ ਵੀ ਔਖਾ ਹੋ ਗਿਆ ਹੈ। ਪ੍ਰਸ਼ਾਸਨ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ। ਲੋਕਾਂ ਨੂੰ ਪੈਦਲ ਚੱਲਣ ਵਿੱਚ ਬਹੁਤ ਮੁਸ਼ਕਲ ਪੈਦਾ ਹੋ ਰਹੀ ਹੈ। ਅਨੁਰਾਗ ਸ਼ਰਮਾ ਨੇ ਕਿਹਾ ਕਿ ਜੋ ਲੋਕ ਕੂੜਾ ਸੁੱਟਦੇ ਹਨ, ਪ੍ਰਸ਼ਾਸਨ ਉਨ੍ਹਾਂ ਉਪਰ ਕਾਰਵਾਈ ਕਰੇ।

ਅਗਨੀਵੀਰ ਦੀ ਭਰਤੀ ਸੰਬੰਧੀ ਲਿਖਤੀ ਤੇ ਫ਼ਿਜ਼ੀਕਲ ਟੈੱਸਟ ਦੀ ਕਰਾਈ ਜਾਵੇਗੀ ਤਿਆਰੀ

ਫ਼ਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ) ਸੀ-ਪਾਈਟ ਕੈਂਪ ਸ਼ਹੀਦਗੜ੍ਹ ਦੇ ਟ੍ਰੇਨਿੰਗ ਅਫ਼ਸਰ ਤੇਜਿੰਦਰ ਸਿੰਘ ਨੇ ਦੱਸਿਆ ਕਿ ਭਾਰਤੀ ਫੌਜ ਵਿੱਚ ਅਗਨੀਵੀਰ ਦੀ ਭਰਤੀ ਸਬੰਧੀ ਸਰਕਾਰ ਵੱਲੋਂ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ ਅਤੇ ਇਸ ਲਈ 45 ਫ਼ੀਸਦੀ ਅੰਕਾਂ ਨਾਲ 8ਵੀਂ ਤੇ 10ਵੀਂ ਪਾਸ, 12ਵੀਂ ਤੇ ਆਈ.ਟੀ.ਆਈ. ਪਾਸ ਨੌਜਵਾਨ, ਜਿਨ੍ਹਾਂ ਦੀ ਉਮਰ 17 ਸਾਲ 06 ਮਹੀਨੇ ਜਾਂ ਇਸ ਤੋਂ ਵੱਧ ਹੈ, ਉਹ ਨੌਜਵਾਨ 21 ਮਾਰਚ ਤੱਕ ਅਪਲਾਈ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਅਗਨੀਵੀਰ ਦੀ ਭਰਤੀ ਸਬੰਧੀ ਲਿਖਤੀ ਤੇ ਫ਼ਿਜ਼ੀਕਲ ਟ੍ਰੇਨਿੰਗ ਸ਼ੁਰੂ ਹੋ ਚੁੱਕੀ ਹੈ ਅਤੇ ਪੰਜਾਬ ਸਰਕਾਰ ਵੱਲੋਂ ਸਿਖਲਾਈ ਹਾਸਲ ਕਰਨ ਵਾਲੇ ਨੌਜਵਾਨਾਂ ਨੂੰ ਟ੍ਰੇਨਿੰਗ ਦੌਰਾਨ ਰਹਿਣਾ, ਖਾਣਾ, ਪੜ੍ਹਾਈ ਤੇ ਫ਼ਿਜ਼ੀਕਲ ਟੈਸਟ ਦੀ ਤਿਆਰੀ ਮੁਫ਼ਤ ਦਿੱਤੀ ਜਾਵੇਗੀ। ਉਨ੍ਹਾਂ ਹੋਰ ਦੱਸਿਆ ਕਿ ਸੀ-ਪਾਈਟ ਕੈਂਪ ਸ਼ਹੀਦਗੜ੍ਹ ਵਿਖੇ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਤੇ ਜ਼ਿਲ੍ਹਾ ਰੋਪੜ ਦੇ ਚਮਕੌਰ ਸਾਹਿਬ ਤੇ ਮੋਰਿੰਡਾ ਦੇ ਨੌਜਵਾਨਾਂ ਨੂੰ ਸਿਖਲਾਈ ਦਿੱਤੀ ਜਾ ਰਹੀ ਹੈ।

ਆਜ਼ਮਵਾਲਾ 'ਚ ਲਾਇਬ੍ਰੇਰੀ ਸਥਾਪਤ

ਫਾਜ਼ਿਲਕਾ, (ਨਿਸ਼ਾ ਸ਼ਰਮਾ)-ਵਿਧਾਨ ਸਭਾ ਹਲਕਾ ਬੱਲੂਆਣਾ ਦੇ ਪਿੰਡ ਆਜਮ ਵਾਲਾ ਵਿਖੇ ਪੰਜਾਬ ਸਰਕਾਰ ਵੱਲੋਂ ਇੱਕ ਨਵੀਂ ਲਾਇਬ੍ਰੇਰੀ ਬਣਾਈ ਗਈ ਹੈ। ਇਸ ਨੂੰ ਲੋਕਾਂ ਨੂੰ ਸਮਰਪਤ ਕਰਨ ਮੌਕੇ ਬੱਲੂਆਣਾ ਦੇ ਵਿਧਾਇਕ ਅਮਨਦੀਪ ਸਿੰਘ ਗੋਲਡੀ ਮੁਸਾਫਿਰ ਨੇ ਕਿਹਾ ਕਿ ਇਹ ਲਾਇਬ੍ਰੇਰੀ ਪਿੰਡ ਦੇ ਨੌਜਵਾਨਾਂ ਲਈ ਰਾਹ ਦਸੇਰਾ ਬਣੇਗੀ। ਉਨ੍ਹਾਂ ਨੇ ਇਸ ਦਾ ਉਦਘਾਟਨ ਬਲਾਕ ਪ੍ਰਧਾਨ ਮਨੋਜ ਸੁਰੇਨ ਤੋਂ ਰੀਬਨ ਕਟਵਾ ਕੇ ਕਰਵਾਇਆ। ਇਸ ਮੌਕੇ ਉਨ੍ਹਾ ਪਿੰਡ ਦੇ ਨੌਜਵਾਨਾਂ ਅਤੇ ਹੋਰ ਲੋਕਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵਿਸ਼ੇਸ਼ ਤੌਰ 'ਤੇ ਉਪਰਾਲੇ ਕਰ ਰਹੀ ਹੈ ਕਿ ਸਾਡੇ ਨੌਜਵਾਨਾਂ ਨੂੰ ਵੱਧ ਤੋਂ ਵੱਧ ਸਰਕਾਰੀ ਨੌਕਰੀਆਂ ਮੁਹੱਈਆ ਕਰਵਾਈਆਂ ਜਾ ਸਕਣ । ਉਨ੍ਹਾ ਕਿਹਾ ਕਿ ਇਸ ਤੋਂ ਪਹਿਲਾਂ 40 ਹਜ਼ਾਰ ਤੋਂ ਜ਼ਿਆਦਾ ਸਰਕਾਰੀ ਨੌਕਰੀਆਂ ਮੈਰਿਟ ਦੇ ਆਧਾਰ 'ਤੇ ਪੰਜਾਬ ਸਰਕਾਰ ਮੁਹੱਈਆ ਕਰਵਾ ਚੁੱਕੀ ਹੈ। ਉਨ੍ਹਾਂ ਆਖਿਆ ਕਿ ਇਸ ਤਰ੍ਹਾਂ ਦੀਆਂ ਲਾਇਬ੍ਰੇਰੀਆਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰ ਰਹੇ ਨੌਜਵਾਨਾਂ ਲਈ ਬਹੁਤ ਸਹਾਈ ਸਿੱਧ ਹੋਣਗੀਆਂ । ਉਨ੍ਹਾ ਕਿਹਾ ਕਿ ਇਹ ਲਾਇਬ੍ਰੇਰੀਆਂ ਨੌਜਵਾਨਾਂ ਨੂੰ ਸਹੀ ਰਾਹ ਦਿਖਾਉਣਗੀਆਂ। ਇਸ ਮੌਕੇ ਸਰਪੰਚ ਪ੍ਰੀਤ ਗੌਰਵ ਸਰਾਂ ਅਤੇ ਸਾਰੇ ਮੈਂਬਰ ਪੰਚਾਇਤ ਅਤੇ ਪਾਰਟੀ ਦੇ ਹੋਰ ਸੀਨੀਅਰ ਅਹੁਦੇਦਾਰ ਹਾਜ਼ਰ ਸਨ।

ਸਿੱਖਿਆ ਤੇ ਰੁਜ਼ਗਾਰ ਲਈ ਵਿਦਿਆਰਥੀਆਂ ਵੱਲੋਂ ਦਿੱਲੀ ਚੱਲੋ ਦਾ ਸੱਦਾ

ਮਾਨਸਾ (ਆਤਮਾ ਸਿੰਘ ਪਮਾਰ)-ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ (ਆਇਸਾ) ਵੱਲੋਂ ਦੇਸ਼ ਭਰ ਵਿੱਚ ਸਿੱਖਿਆ ਤੇ ਰੁਜ਼ਗਾਰ ਦੇ ਸਵਾਲ ਨੂੰ ਉਭਾਰੇ ਜਾਣ ਲਈ ਜਿੱਥੇ ਦੇਸ਼ ਭਰ ਵਿੱਚ ਪੰਜਾਹ ਤੋਂ ਵੱਧ ਯੂਨੀਵਰਸਿਟੀਆਂ ਵਿੱਚ ਵਿਦਿਆਰਥੀ ਰਾਇਸ਼ੁਮਾਰੀ ਕਰਵਾਈ ਗਈ, ਉੱਥੇ ਹੁਣ ਸਿੱਖਿਆ ਤੇ ਰੁਜ਼ਗਾਰ ਦੇ ਸਵਾਲ ਨੂੰ ਹੋਰ ਵਧੇਰੇ ਅਹਿਮੀਅਤ ਨਾਲ ਉਭਾਰਨ ਲਈ 28 ਫਰਵਰੀ ਨੂੰ ਦਿੱਲੀ ਚੱਲੋ ਦਾ ਸੱਦਾ ਦਿੱਤਾ ਗਿਆ ਹੈ।ਜਿਸ ਦੀ ਤਿਆਰੀ ਨੂੰ ਲੈ ਕੇ ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ (ਆਇਸਾ) ਪੰਜਾਬ ਵੱਲੋਂ ਸਥਾਨਕ ਬਾਬਾ ਬੂਝਾ ਸਿੰਘ ਭਵਨ ਵਿਖੇ ਸਰਗਰਮ ਵਿਦਿਆਰਥੀ ਕਾਰਕੁੰਨਾਂ ਦੀ ਅਹਿਮ ਮੀਟਿੰਗ ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ (ਆਇਸਾ) ਪੰਜਾਬ ਦੇ ਮਾਲਵਾ ਜ਼ੋਨ ਦੇ ਆਗੂ ਕੁਲਵੰਤ ਸਿੰਘ ਖੋਖਰ ਦੀ ਪ੍ਰਧਾਨਗੀ ਹੇਠ ਹੋਈ।ਇਸ ਸਬੰਧੀ ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ (ਆਇਸਾ) ਪੰਜਾਬ ਮਾਲਵਾ ਜ਼ੋਨ ਦੇ ਕਨਵੀਨਰ ਸੁਖਜੀਤ ਸਿੰਘ ਰਾਮਾਨੰਦੀ ਨੇ ਕਿਹਾ ਕਿ ਦਿੱਲੀ ਚੱਲੋ ਮੁਹਿਮ ਦੀ ਤਿਆਰੀ ਲਈ ਵਿੱਦਿਅਕ ਸੰਸਥਾਵਾਂ ਵਿੱਚ ਤਿਆਰੀਆਂ ਲਈ ਵਿਉਂਤਬੰਦੀ ਕਰਦੇ ਹੋਏ ਵਿਦਿਅਕ ਸੰਸਥਾਵਾਂ ਵਿੱਚ ਵਿਦਿਆਰਥੀਆਂ ਨੂੰ ਲਾਮਬੰਦ ਕਰਨ ਲਈ ਆਗੂਆਂ ਤੇ ਕਾਰਕੁੰਨਾਂ ਦੀਆਂ ਜ਼ਿੰਮੇਵਾਰੀਆਂ ਤੈਅ ਕਰ ਦਿੱਤੀਆਂ ਗਈਆਂ ਹਨ।ਇਸ ਸਬੰਧੀ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਮਾਨਸਾ, ਮਾਤਾ ਸੁੰਦਰੀ ਗਰਲਜ਼ ਯੂਨੀਵਰਸਿਟੀ ਕਾਲਜ ਮਾਨਸਾ, ਗੁਰੂ ਨਾਨਕ ਕਾਲਜ ਬੁਢਲਾਡਾ ਤੇ ਬਾਬਾ ਧਿਆਨ ਦਾਸ ਨੇਬਰਹੁੱਡ ਕੈਂਪਸ ਝੁਨੀਰ ਵਿਖੇ ਬਕਾਇਦ

22-Feb-PAGE-3.qxd 2/21/2024 10:21 PM Page 1

ਕੈਬਨਿਟ ਸਬ-ਕਮੇਟੀ ਦੇ ਹੁਕਮਾਂ ਦੇ ਬਾਵਜੂਦ ਦੋ ਮਹੀਨਿਆ ਤੋਂ ਅਫ਼ਸਰ ਕਮੇਟੀ ਨੇ ਨਹੀਂ ਕੀਤੀ ਮੀਟਿੰਗ

ਰੋਸ ਵਜੋਂ ਦਫ਼ਤਰੀ ਮੁਲਾਜ਼ਮਾਂ ਵੱਲੋਂ ਕਲਮਛੋੜ ਹੜਤਾਲ ਸ਼ੁਰੂ

ਦੀਨਾਨਗਰ, (ਬਲਵਿੰਦਰ ਸਿੰਘ ਬਿੱਲਾ)

ਸੂਬੇ ਦੀ ਅਫਸਰਸ਼ਾਹੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਕੈਬਨਿਟ ਸਬ-ਕਮੇਟੀ ਦੇ ਹੁਕਮ ਮੰਨਣ ਤੋਂ ਆਨਾਕਾਨੀ ਕਰਦੀ ਨਜ਼ਰ ਆ ਰਹੀ ਹੈ ਜਿਸ ਦੇ ਰੋਸ ਵਜੋਂ ਅੱਜ ਸਿੱਖਿਆ ਵਿਭਾਗ ਦੇ ਦਫ਼ਤਰੀ ਮੁਲਾਜ਼ਮਾਂ ਨੇ ਕਲਮ ਛੋੜ ਹੜਤਾਲ ਸ਼ੁਰੂ ਕਰ ਦਿੱਤੀ।ਮੁਲਾਜ਼ਮ ਇਸ ਗੱਲ ਤੋਂ ਨਾਰਾਜ਼ ਨਜ਼ਰ ਆ ਰਹੇ ਸਨ ਕਿ ਕੈਬਨਿਟ ਸਬ-ਕਮੇਟੀ ਵੱਲੋਂ ਫ਼ੈਸਲਾ ਲੈਣ ਦੇ ਬਾਵਜੂਦ ਅਫ਼ਸਰ ਕਮੇਟੀ ਪਿਛਲੇ ਤਕਰੀਬਨ ਢਾਈ ਮਹੀਨੇ ਤੋਂ ਇਕ ਵੀ ਮੀਟਿੰਗ ਨਹੀਂ ਕਰ ਰਹੀ।ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਦੇ ਹਰੇ ਪੈੱਨ ਨੇ ਸਿੱਖਿਆ ਵਿਭਾਗ ਦੇ ਦਫ਼ਤਰੀ ਮੁਲਾਜ਼ਮਾਂ ਨੂੰ ਪੱਕਾ ਕਰਨ ਦਾ ਫੈਸਲਾ ਲਿਆ ਅਤੇ ਉਸ ਤੇ ਤਿੰਨ ਮੰਤਰੀਆਂ ਦੀ ਬਣੀ ਕੈਬਨਿਟ ਸਬ-ਕਮੇਟੀ ਦੀ ਵੀ ਮੋਹਰ ਲੱਗਣ ਦੇ ਬਾਵਜੂਦ ਸਿੱਖਿਆ ਵਿਭਾਗ ਦੇ ਦਫ਼ਤਰੀ ਕਰਮਚਾਰੀਆਂ ਨੂੰ ਨਾ ਤਾਂ ਰੈਗੂਲਰ ਦੇ ਆਰਡਰ ਮਿਲੇ ਅਤੇ ਨਾ ਹੀ ਕਰਮਚਾਰੀਆਂ ਦੀ ਤਨਖਾਹ ਕਟੌਤੀ ਬੰਦ ਹੋਈ।ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਸਰਵ ਸਿੱਖਿਆ ਅਭਿਆਨ ਦਫਤਰੀ ਕਰਮਚਾਰੀ ਯੂਨੀਅਨ ਪਠਾਨਕੋਟ ਦੇ ਆਗੂ ਮੁਨੀਸ਼ ਗੁਪਤਾ ਨੇ ਕਿਹਾ ਕਿ ਅਕਾਲੀ ਦਲ ਅਤੇ ਕਾਂਗਰਸ ਦੀ ਸਰਕਾਰ ਨੇ ਕੱਚੇ ਮੁਲਾਜ਼ਮਾਂ ਦੀ ਜਵਾਨੀ ਰੋਲ ਕੇ ਰੱਖ ਦਿੱਤੀ ਅਤੇ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਕੱਚੇ ਮੁਲਾਜ਼ਮਾਂ ਦੇ ਭਵਿੱਖ ਨੂੰ ਰੋਲਣ ਦੀ ਤਿਆਰੀ ਕਰੀ ਬੈਠੀ ਹੈ।ਆਗੂ ਨੇ ਦੱਸਿਆ ਕਿ ਦਫ਼ਤਰੀ ਮੁਲਾਜ਼ਮਾਂ ਦੀ ਤਕਰੀਬਨ 5000 ਰੁਪਏ ਮਹੀਨਾ ਤਨਖਾਹ ਕਟੌਤੀ ਕੀਤੀ ਜਾ ਰਹੀ ਹੈ ਜੋ ਕਿ ਵਾਰ ਵਾਰ ਮੰਤਰੀਆ ਵੱਲੋਂ ਵਾਅਦੇ ਕਰਨ ਦੇ ਬਾਵਜੂਦ ਪੂਰੀ ਨਹੀਂ ਹੋਈ।ਇਸ ਦੇ ਨਾਲ ਹੀ ਮਿਡ ਡੇ ਮੀਲ ਦਫ਼ਤਰੀ ਕਰਮਚਾਰੀਆਂ ਦੀ ਸਾਲ 2019 ਤੋਂ ਤਨਖਾਹ ਵਿਚ ਕੀਤਾ ਜਾਣ ਵਾਲਾ ਵਾਧਾ ਰੋਕਿਆ ਹੋਇਆ ਹੈ।ਇਸ ਕਰਕੇ ਸਮੁੱਚੇ ਦਫ਼ਤਰੀ ਮੁਲਾਜ਼ਮਾਂ ਵਿੱਚ ਰੋਸ ਹੈ।ਆਗੂ ਨੇ ਕਿਹਾ ਕਿ ਜੇਕਰ ਸਰਕਾਰ ਤੇ ਵਿਭਾਗ ਨੇ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਮੁਲਾਜ਼ਮ ਹੋਰ ਤਿੱਖੇ ਐਕਸ਼ਨ ਕਰਨ, ਮੰਤਰੀਆ ਦੇ ਘਰਾਂ ਦਾ ਘਿਰਾਓ ਕਰਨ ਅਤੇ ਕਲਨ ਛੋੜ ਨੂੰ ਅੱਗੇ ਵਧਾਉਣ ਨੂੰ ਮਜਬੂਰ ਹੋਣਗੇ।

ਪਿੰਡਾਂ ਤੇ ਸ਼ਹਿਰਾਂ 'ਚ ਜੰਗੀ ਪੱਧਰ 'ਤੇ ਕਰਵਾਏ ਜਾ ਰਹੇ ਵਿਕਾਸ ਕਾਰਜ : ਬਲਕਾਰ ਸਿੰਘ

ਜਲੰਧਰ (ਸ਼ੈਲੀ ਐਲਬਰਟ)

ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨੇ ਮੰਗਲਵਾਰ ਨੂੰ ਜ਼ਿਲ੍ਹੇ ਦੇ 9 ਪਿੰਡਾਂ ਵਿੱਚ 7 ਕਰੋੜ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖਦਿਆਂ ਕਿਹਾ ਕਿ ਮੁੱਖ ਮੰਤਰ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਪਿੰਡਾਂ ਵਿਚਲੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਪੇਂਡੂ ਇਲਾਕਿਆਂ ਵਿੱਚ ਵਿਕਾਸ ਕਾਰਜਾਂ ਨੂੰ ਵਿਸ਼ੇਸ਼ ਤਵੱਜੋ ਦੇ ਰਹੀ ਹੈ। ਇਨਾਂ ਵਿਕਾਸ ਕੰਮਾਂ ਵਿੱਚ 4.5 ਕਰੋੜ ਰੁਪਏ ਦੀ ਲਾਗਤ ਨਾਲ ਸੜਕਾਂ ਦਾ ਨਵੀਨੀਕਰਨ ਤੇ ਚੌੜਾ ਕੀਤਾ ਜਾਣਾ ਵੀ ਸ਼ਾਮਲ ਹੈ। ਕੈਬਨਿਟ ਮੰਤਰੀ ਵੱਲੋਂ ਅੱਜ ਪਿੰਡ ਬਾਜਰਾ, ਸੰਮੀਪੁਰ, ਤਰਾਰ, ਸਫੀਪੁਰ, ਨੁੱਸੀ, ਜੱਲਾ, ਲਿੱਦੜਾਂ, ਭਤੀਜਾ ਅਤੇ ਨੌਗੱਜਾ ਵਿਖੇ ਸੀਵਰੇਜ ਦੀਆਂ ਪਾਈਪਾਂ ਪਾਉਣ, ਕੰਕਰੀਟ ਦੀਆਂ ਸੜਕਾਂ ਦੇ ਨਿਰਮਾਣ, ਛੱਪੜਾਂ ਦੇ ਨਵੀਨੀਕਰਨ, ਰੇਨ ਵਾਟਰ ਹਾਰਵੈਸਟਿੰਗ ਸਿਸਟਮ ਆਦਿ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਵਾਈ । ਉਨ੍ਹਾ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਸੂਬੇ ਦੇ ਸ਼ਹਿਰਾਂ ਦੇ ਨਾਲ-ਨਾਲ ਪਿੰਡਾਂ ਵਿੱਚ ਵੀ ਜੰਗੀ ਪੱਧਰ 'ਤੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸੂਬੇ ਦਾ ਕੋਈ ਵੀ ਖੇਤਰ ਬੁਨਿਆਦੀ ਸਹੂਲਤਾਂ ਤੋਂ ਵਾਂਝਾ ਨਹੀਂ ਰਹਿਣ ਦਿੱਤਾ ਜਾਵੇਗਾ ਕਿਉਂਕਿ ਸਰਕਾਰ ਪਾਸ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਘਾਟ ਨਹੀਂ ਹੈ। ਉਨ੍ਹਾਂ ਇਸ ਮੌਕੇ ਅਧਿਕਾਰੀਆਂ ਨੂੰ ਗੁਣਵੱਤਾ ਦਾ ਪੂਰਾ ਖਿਆਲ ਰੱਖਦੇ ਹੋਏ ਵਿਕਾਸ ਕਾਰਜਾਂ ਨੂੰ ਨਿਰਧਾਰਤ ਸਮੇਂ ਦੇ ਅੰਦਰ ਮੁਕੰਮਲ ਕਰਨ ਦੇ ਨਿਰਦੇਸ਼ ਵੀ ਦਿੱਤੇ। ਕੈਬਨਿਟ ਮੰਤਰੀ ਨੇ ਕਿਹਾ ਪੰਜਾਬ ਸਰਕਾਰ ਨੇ ਜਿਥੇ ਲੋਕਾਂ ਨੂੰ 600 ਯੂਨਿਟ ਮੁਫ਼ਤ ਬਿਜਲੀ ਮੁਆਫੀ ਦੀ ਸਹੂਲਤ ਦਿੱਤੀ ਹੈ ਉਥੇ ਆਮ ਆਦਮੀ ਕਲੀਨਿਕਾਂ ਰਾਹੀਂ ਮੁਫ਼ਤ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਸਿੱਖਿਆ ਪ੍ਰਦਾਨ ਕਰਨ ਲਈ ਸਕੂਲ ਆਫ਼ ਐਮੀਨੈਂਸ ਖੋਲ੍ਹਣ ਦੇ ਨਾਲ-ਨਾਲ ਪ੍ਰਿੰਸੀਪਲਾਂ ਤੇ ਅਧਿਆਪਕਾਂ ਨੂੰ ਟ੍ਰੇਨਿੰਗ ਲਈ ਵਿਦੇਸ਼ ਭੇਜਿਆ ਗਿਆ।ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਸੂਬੇ ਦੇ ਲੋਕਾਂ ਨੂੰ ਪਵਿੱਤਰ ਧਾਰਮਿਕ ਸਥਾਨਾਂ ਦੀ ਮੁਫ਼ਤ ਯਾਤਰਾ ਦਾ ਲਾਭ ਦਿੱਤਾ ਜਾ ਰਿਹਾ ਹੈ। ਲੋਕਾਂ ਨੂੰ ਘਰ ਬੈਠੇ ਨਾਗਰਿਕ ਸੇਵਾਵਾਂ ਪ੍ਰਦਾਨ ਕਰਨ ਲਈ ਹੈਲਪ ਲਾਈਨ ਨੰਬਰ 1076 ਸ਼ੁਰੂ ਕੀਤੀ ਗਈ ਅਤੇ 'ਆਪ ਦੀ ਸਰਕਾਰ, ਆਪ ਦੇ ਦੁਆਰ' ਉਪਰਾਲੇ ਤਹਿਤ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਨੇੜੇ ਸਰਕਾਰੀ ਸੇਵਾਵਾਂ ਦਾ ਲਾਭ ਦਿੱਤਾ ਜਾ ਰਿਹਾ ਹੈ। ਇਸ ਮੌਕੇ ਵੱਖ- ਵੱਖ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

ਕਮਲ ਪਾਹੜਾ ਦੇ ਧਾਰਮਿਕ ਗੀਤ ਨੂੰ ਮਿਲ ਰਿਹਾ ਸੰਗਤਾਂ ਦਾ ਮਣਾਂ ਮੂੰਹੀਂ ਪਿਆਰ

ਗੁਰਦਾਸਪੁਰ, (ਜਨਕ ਮਹਾਜਨ)-ਧੰਨ-ਧੰਨ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 647ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਅਤੇ ਡੇਰਾ ਸੱਚਖੰਡ ਬੱਲਾਂ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਦੇ ਸਹਿਯੋਗ ਨਾਲ ਗਾਇਕ ਕਮਲ ਪਾਹੜਾ ਜਿਲ੍ਹਾ ਗੁਰਦਾਸਪੁਰ ਅਤੇ ਸਰਗੁਣ ਮਿਊਜ਼ਿਕ ਕੰਪਨੀ ਦੇ ਪ੍ਰੋਡਿਊਸਰ ਜਨਾਬ ਰਮੇਸ਼ ਨੁੱਸੀਵਾਲ ਵੱਲੋਂ 'ਕਾਂਸ਼ੀ ਵਾਲਾ ਪ੍ਰੀਤਮ' ਗੀਤ ਰਿਲੀਜ਼ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬੱਬੂ ਜਗਦੇਵ ਕਲਾਂ ਨੇ ਦੱਸਿਆ ਕਿ ਇਸ ਧਾਰਮਿਕ ਗੀਤ ਨੂੰ ਧੰਨ-ਧੰਨ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਸੰਗਤਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਗਾਇਕ ਕਮਲ ਪਾਹੜਾ ਦੇ ਇਸ ਧਾਰਮਿਕ ਗੀਤ ਕਾਂਸ਼ੀ ਵਾਲਾ ਪ੍ਰੀਤਮ ਨੂੰ ਗੀਤਾ ਦੇ ਧਨੀ ਗੁਰਜੰਟ ਪਟਿਆਲਾ ਨੇ ਕਲਮਬੰਦ ਕੀਤਾ ਹੈ। ਉਨ੍ਹਾਂ ਦੱਸਿਆ ਕਿ ਗੀਤ ਕਾਂਸ਼ੀ ਵਾਲਾ ਪ੍ਰੀਤਮ ਨੂੰ ਮਸ਼ਹੂਰ ਸੰਗੀਤਕਾਰ ਡਾਕਟਰ ਵੀ. ਕੈਂਥ ਨੇ ਆਪਣੇ ਮਿਊਜ਼ਕ ਨਾਲ ਸ਼ਿੰਗਾਰਿਆ ਹੈ। ਗਾਇਕ ਕਮਲ ਪਾਹੜਾ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਉਹ ਕਾਫ਼ੀ ਧਾਰਮਿਕ ਅਤੇ ਪੰਜਾਬੀ ਦੋ ਗਾਣੇ ਪੇਸ਼ ਕਰ ਚੁੱਕਿਆ ਹੈ ਅਤੇ ਉਨ੍ਹਾਂ ਨੂੰ ਵੀ ਲੋਕਾਂ ਵੱਲੋਂ ਭਰਵਾਂ ਪਿਆਰ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਮੈਨੂੰ ਆਸ ਹੈ ਕਿ ਮੇਰੇ ਕਾਂਸ਼ੀ ਵਾਲਾ ਪ੍ਰੀਤਮ ਗੀਤ ਨੂੰ ਵੀ ਲੋਕ ਪੂਰਾ ਸਹਿਯੋਗ ਦੇਣਗੇ।

ਸਲੱਮ ਏਰੀਏ 'ਚ ਲੋਕਾਂ ਨੂੰ ਵੋਟਾਂ ਬਣਾਉਣ ਲਈ ਕੀਤਾ ਜਾਗਰੂਕ

ਬਟਾਲਾ, (ਡਾ. ਮਲਵਿੰਦਰ ਸਿੰਘ)-ਡਿਪਟੀ ਕਮਿਸ਼ਨਰ ਗੁਰਦਾਸਪੁਰ-ਕਮ-ਜ਼ਿਲ੍ਹਾ ਚੋਣ ਅਫਸਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਵਿੱਚ ਜ਼ਿਲ੍ਹਾ ਸਵੀਪ ਟੀਮ ਵੱਲੋਂ ਵੱਖ-ਵੱਖ ਸਥਾਨਾਂ 'ਤੇ ਪਹੁੰਚ ਕੇ ਨਵੀਆਂ ਵੋਟਾਂ ਬਣਾਉਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਸਿੱਖਿਆ ਅਫਸਰ ਸੈਕੰ: ਕਮ ਜ਼ਿਲ੍ਹਾ ਸਵੀਪ ਅਫਸਰ ਗੁਰਦਾਸਪੁਰ ਰਾਜੇਸ਼ ਕੁਮਾਰ ਸ਼ਰਮਾ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਮਾਣਯੋਗ ਚੋਣ ਕਮਿਸ਼ਨਰ ਪੰਜਾਬ ਵੱਲੋਂ ਮਿਲੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਜ਼ਿਲ੍ਹਾ ਸਵੀਪ ਟੀਮ ਦੇ ਮੈਂਬਰ ਗੁਰਮੀਤ ਸਿੰਘ ਭੋਮਾ ਸਟੇਟ ਐਵਾਰਡੀ, ਗਗਨਦੀਪ ਸਿੰਘ ਤੇ ਜ਼ਿਲ੍ਹਾ ਸਵੀਪ ਆਇਕਨ ਅੰਮ੍ਰਿਤਬੀਰ ਸਿੰਘ ਜੀਨੀਅਸ ਪੁਸਪ ਰਿਕਾਰਡ ਹੋਲਡਰ ਨਾਲ ਬਟਾਲਾ ਮਾਲ ਮੰਡੀ ਵਿਖੇ ਸਲੱਮ ਏਰੀਆ ਦੇ ਲੋਕਾਂ ਤੇ ਕਿੰਨਰ ਸਮਾਜ ਦੇ ਲੋਕਾਂ ਨੂੰ ਜ਼ਮੀਨੀ ਪੱਧਰ 'ਤੇ ਜਾ ਕੇ ਜਾਗਰੂਕ ਕੀਤਾ ਗਿਆ। ਇਸ ਮੌਕੇ ਬੀਐੱਲਓ ਨੂੰ ਵੋਟਾਂ ਬਣਾਉਣ ਲਈ ਵਿਸ਼ੇਸ਼ ਕੈਂਪ ਲਗਾਉਣ ਦੇ ਨਿਰਦੇਸ਼ ਦਿੱਤੇ। ਇਸ ਮੌਕੇ ਸਹਾਇਕ ਨੋਡਲ ਅਫਸਰ ਸਵੀਪ-ਕਮ-ਉੱਪ ਜ਼ਿਲ੍ਹਾ ਸਿੱਖਿਆ ਅਫਸਰ ਸੈਕੰ: ਲਖਵਿੰਦਰ ਸਿੰਘ, ਸਵੀਪ ਮੈਂਬਰ ਲਖਬੀਰ ਸਿੰਘ ਵੀ ਹਾਜ਼ਰ ਸਨ।

24 ਨੂੰ ਐੱਸ ਜੀ ਪੀ ਸੀ ਦੀਆਂ ਵੋਟਾਂ ਬਣਾਉਣ ਲਈ ਲਗਾਏ ਜਾਣ ਵਾਲੇ ਵਿਸ਼ੇਸ਼ ਕੈਂਪ ਰੱਦ : ਏ ਡੀ ਸੀ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਦੇ ਮੱਦੇਨਜ਼ਰ 24 ਫਰਵਰੀ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੀਆਂ ਚੋਣਾਂ ਲਈ ਵੋਟਾਂ ਬਣਾਉਣ ਲਈ ਲਗਾਏ ਜਾਣ ਵਾਲੇ ਵਿਸ਼ੇਸ਼ ਕੈਂਪਾਂ ਨੂੰ ਰੱਦ ਕਰ ਦਿੱਤਾ ਗਿਆ ਹੈ। ਵਧੀਕ ਡਿਪਟੀ ਕਮਿਸ਼ਨਰ (ਜ) ਸੁਭਾਸ਼ ਚੰਦਰ ਨੇ ਦੱਸਿਆ ਕਿ ਇਹ ਫੈਸਲਾ ਐੱਸਸੀਬੀਸੀ ਅਧਿਆਪਕ ਯੂਨੀਅਨ, ਗੁਰਦਾਸਪੁਰ (ਪੰਜਾਬ) ਵੱਲੋਂ ਪ੍ਰਾਪਤ ਹੋਏ ਮੰਗ ਪੱਤਰ ਨੂੰ ਮੁੱਖ ਰੱਖਦੇ ਲਿਆ ਗਿਆ ਹੈ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 25 ਅਤੇ 29 ਫਰਵਰੀ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੀਆਂ ਚੋਣਾਂ ਲਈ ਵੋਟਾਂ ਬਣਾਉਣ ਲਈ ਨਿਰਧਾਰਿਤ ਕੀਤੇ ਗਏ ਕੈਂਪ ਆਪਣੇ ਤਹਿ ਸਮੇਂ ਅਨੁਸਾਰ ਹੀ ਲੱਗਣਗੇ। ਉਨ੍ਹਾਂ ਨੇ ਜ਼ਿਲ੍ਹੇ ਦੇ ਸਮੂਹ ਯੋਗ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ ਜਿਨ੍ਹਾਂ ਵਿਅਕਤੀਆਂ ਦੀਆਂ ਹਾਲੇ ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੀਆਂ ਵੋਟਾਂ ਨਹੀਂ ਬਣੀਆਂ, ਉਹ ਸਪੈਸ਼ਲ ਕੈਂਪਾਂ ਦੌਰਾਨ ਫਾਰਮ ਭਰ ਕੇ ਆਪਣੀਆਂ ਵੋਟਾਂ ਜ਼ਰੂਰ ਬਣਵਾ ਲੈਣ। ਉਨ੍ਹਾਂ ਕਿਹਾ ਕਿ ਵੋਟਾਂ ਬਣਾਉਣ ਦੀ ਆਖਰੀ ਮਿਤੀ 29 ਫਰਵਰੀ, 2024 ਤੱਕ ਹੈ। ਉਨ੍ਹਾਂ ਕਿਹਾ ਕਿ ਵੋਟਾਂ ਬਣਾਉਣ ਸਬੰਧੀ ਕੋਈ ਵੀ ਜਾਣਕਾਰੀ ਲੈਣ ਜਾਂ ਮੁਸ਼ਕਲ ਆਉਣ 'ਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਹੈਲਪ ਲਾਈਨ ਨੰਬਰ 1800-180-1852 ਜਾਂ ਚੋਣ ਕਮਿਸ਼ਨ ਦੇ ਹੈਲਪ ਲਾਈਨ ਨੰਬਰ 1950 ਉੱਪਰ ਸੰਪਰਕ ਕੀਤਾ ਜਾ ਸਕਦਾ ਹੈ।

ਸੰਧੂ ਚੱਠਾ ਦੇ ਛਿੰਝ ਮੇਲੇ 'ਚ ਪਟਕੇ ਦੀ ਕੁਸ਼ਤੀ ਸਾਨਵੀਰ ਨੇ ਜਿੱਤੀ

ਕਾਲਾ ਸੰਘਿਆਂ (ਮਨਜੀਤ ਮਾਨ)

ਪਿੰਡ ਸੰਧੂ ਚੱਠਾ ਵਿੱਚ ਸਥਿਤ ਦਰਬਾਰ ਪੀਰ ਬਾਬਾ ਲੱਖ ਦਾਤਾ ਦੇ ਦਰਬਾਰ 'ਤੇ ਸਾਲਾਨਾ ਛਿੰਝ ਮੇਲਾ ਦਰਬਾਰ ਦੇ ਗੱਦੀਨਸ਼ੀਨ ਬਾਬਾ ਮਦਨ ਲਾਲ ਤੇ ਛਿੰਝ ਮੇਲਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਾਕੇਸ਼ ਕੁਮਾਰ ਖੋਸਲਾ ਉਰਫ ਕਿਸੀ ਦੀ ਅਗਵਾਈ ਹੇਠ ਮਰਹੂਮ ਬਾਬਾ ਸ਼ਿੰਗਾਰਾ ਸਿੰਘ ਵੱਲੋਂ ਪੁਰਾਤਨ ਸਮੇਂ ਵਿੱਚ ਪਾਈ ਛਿੰਝ ਮੇਲੇ ਦੀ ਪਿਰਤ ਨੂੰ ਅੱਗੇ ਤੋਰਦਿਆਂ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਛਿੰਝ ਦੌਰਾਨ ਪੰਜਾਬ ਦੇ ਨਾਮੀ ਪਹਿਲਵਾਨਾਂ ਦੀਆਂ ਕੁਸ਼ਤੀਆਂ ਕਰਵਾਈਆਂ ਗਈਆਂ ਅਤੇ ਛਿੰਝ ਵਿੱਚ ਲੋਕਾਂ ਦੀ ਖਿੱਚ ਦਾ ਕੇਂਦਰ ਬਣੀ ਪਟਕੇ ਦੀ ਕੁਸ਼ਤੀ ਲਈ ਪਹਿਲਵਾਨ ਸਾਨਵੀਰ ਤੇ ਬਾਜ ਅਖਾੜਾ ਰੋਣੀ ਵਿਚਕਾਰ ਕਰੀਬ 25 ਮਿੰਟ ਦੀ ਜੱਦੋਜਹਿਦ ਮਗਰੋਂ ਵਿਸਵ ਪ੍ਰਸਿੱਧ ਸਾਬਕਾ ਰੁਸਤਮ ਅਤੇ ਇਸ ਕੁਸ਼ਤੀ ਦੇ ਰੈਫਰੀ ਪਹਿਲਵਾਨ ਲਹਿੰਬਰ ਸ਼ਾਹਕੋਟ ਵੱਲੋਂ ਦੋਹਾਂ ਪਹਿਲਵਾਨਾਂ ਨੂੰ 3 ਮਿੰਟ ਦਾ ਟਾਇਮ ਦੇ ਕੇ ਪੁਆਇੰਟਾਂ 'ਤੇ ਕੁਸ਼ਤੀ ਕਰਵਾਉਣ ਦਾ ਫੈਸਲਾ ਕੀਤਾ ਜਿਸ ਦੌਰਾਨ ਸਾਨਵੀਰ ਪਹਿਲਵਾਨ ਨੇ ਬਾਜ ਪਹਿਲਵਾਨ ਨੂੰ ਚਿੱਤ ਕਰਕੇ ਪਟਕਾ ਜਿੱਤਿਆ। ਪਟਕਾ ਜੇਤੂ ਪਹਿਲਵਾਨ ਨੂੰ ਪਿੰਡ ਦੇ ਪ੍ਰਕਾਸ਼ ਸਿੰਘ ਪਾਸੀ ਦੇ ਪਰਵਾਰ ਵੱਲੋਂ ਪਲੈਟੀਨਾ ਮੋਟਰਸਾਈਕਲ ਦਿੱਤਾ ਗਿਆ। ਵਿਸ਼ਵ ਪ੍ਰਸਿੱਧ ਕੁਮੈਂਟੇਟਰ,ਮੰਚ ਸੰਚਾਲਕ ਤੇ ਪ੍ਰਸਿੱਧ ਗੀਤਕਾਰ ਸਿੱਧੂ ਸਿੱਧਵਾਂ ਵਾਲਾ, ਮੰਗਾ ਅਲੀ ਤੇ ਦਵਿੰਦਰ ਕਿਲੀ ਨੇ ਆਪਣੇ ਪ੍ਰਭਾਵਸ਼ਾਲੀ ਟੋਟਕਿਆਂ ਤੇ ਪਹਿਲਵਾਨਾਂ ਦੇ ਪਿਛੋਕੜ ਸਬੰਧੀ ਆਪਣੀ ਕੁਮੇਂਟਰੀ ਰਾਹੀਂ ਜਾਣਕਾਰੀ ਦਿੰਦਿਆਂ ਛਿੰਝ ਮੇਲੇ ਵਿੱਚ ਖੂਬ ਰੰਗ ਬੰਨ੍ਹਿਆਂ। ਇਸ ਮੌਕੇ ਲਖਵੀਰ ਸਿੰਘ ਲੱਖਾ ਯੂ ਕੇ, ਬਲਵੀਰ ਸਿੰਘ ਖੋਸਲਾ ਯੂ ਕੇ, ਹਰਜੀਤ ਸਿੰਘ ਹੈਪੀ ਇਟਲੀ, ਕੈਸ਼ੀਅਰ ਮਨਜੀਤ ਸਿੰਘ ਸੋਹਲ, ਕੁਲਵੰਤ ਸਿੰਘ ਸੋਹਲ, ਬਲਵਿੰਦਰ ਸਿੰਘ ਸਾਬਕਾ ਸਰਪੰਚ, ਡਾ.ਸਤਪਾਲ ਮੈਂਬਰ ਪੰਚਾਇਤ, ਲਹਿੰਬਰ ਸਿੰਘ ਢਿੱਲੋਂ ਪੰਚ, ਜਨਕ ਰਾਜ ਖੋਸਲਾ, ਲਹਿੰਬਰ ਸਿੰਘ ਖੋਸਲਾ,ਪਿਆਰਾ ਸਿੰਘ ਸਾਬਕਾ ਸਰਪੰਚ, ਰਾਜੂ ਪੰਡਿਤ, ਲਖਵੀਰ ਸਿੰਘ ਸੰਕਰ, ਉਸਦਾਤ ਪ੍ਰੀਤਮ ਪਹਿਲਵਾਨ, ਲਵਪ੍ਰੀਤ ਖੋਸਲਾ, ਹੈੱਡ ਮਾਸਟਰ ਅਮਰਜੀਤ, ਆਪ ਦੇ ਬਲਾਕ ਪ੍ਰਧਾਨ ਪਰ

ਨਵਾਂ ਜ਼ਮਾਨਾ
ਵੀਰਵਾਰ, 22 ਫਰਵਰੀ 2024

ਸੁਪਰੀਮ ਕੋਰਟ ਦੇ ਦੋ ਫੈਸਲੇ

ਪਿਛਲੇ ਕੁਝ ਦਿਨਾਂ ਦੌਰਾਨ ਸੁਪਰੀਮ ਕੋਰਟ ਨੇ ਅਜਿਹੇ ਦੋ ਫ਼ੈਸਲੇ ਦਿੱਤੇ ਹਨ, ਜਿਹੜੇ ਲੋਕਤੰਤਰ ਨੂੰ ਕੁਚਲਣ ਵਿਰੁੱਧ ਇਤਿਹਾਸਕ ਮਹੱਤਤਾ ਰੱਖਦੇ ਹਨ।

ਪਹਿਲਾ ਫੈਸਲਾ ਸੀ ਚੋਣ ਬਾਂਡਾਂ ਬਾਰੇ, ਜਿਸ ਦੇ ਸਿਰ ਉੱਤੇ ਭਾਜਪਾ ਆਉਂਦੀਆਂ ਲੋਕ ਸਭਾ ਚੋਣਾਂ ਵਿੱਚ 400 ਦਾ ਅੰਕੜਾ ਪਾਰ ਕਰਨ ਦੇ ਸੁਫਨੇ ਦੇਖ ਰਹੀ ਸੀ। ਜੇਕਰ ਚੋਣ ਬਾਂਡ ਕਾਇਮ ਰਹਿੰਦੇ ਤਾਂ ਭਾਜਪਾ ਧਨ ਦੀ ਵਰਤੋਂ ਕਰਕੇ ਲੋਕਤੰਤਰ ਨੂੰ ਆਪਣੀ ਜੇਬ ਵਿੱਚ ਪਾਈ ਰੱਖ ਸਕਦੀ ਸੀ।

ਚੋਣ ਬਾਂਡਾਂ ਦੇ ਮੁੱਦੇ ਉੱਤੇ ਚੀਫ਼ ਜਸਟਿਸ ਚੰਦਰਚੂੜ ਦੀ ਅਗਵਾਈ ਵਾਲੀ ਬੈਂਚ ਨੇ ਸਖ਼ਤ ਰੁਖ ਅਪਣਾਉਂਦਿਆਂ ਇਨ੍ਹਾਂ ਨੂੰ ਰੱਦ ਕਰ ਦਿੱਤਾ ਸੀ। ਪਿਛਲੇ ਸਮੇਂ ਦੌਰਾਨ ਸੁਪਰੀਮ ਕੋਰਟ ਸਰਕਾਰ ਵਿਰੁੱਧ ਕੇਸਾਂ ਵਿੱਚ ਆਮ ਤੌਰ ਉੱਤੇ ਸਰਕਾਰ ਦੀ ਹਾਂ ਵਿੱਚ ਹਾਂ ਮਿਲਾਉਂਦੀ ਰਹੀ ਹੈ, ਜਿਸ ਬਾਰੇ ਉਸ 'ਤੇ ਉਂਗਲੀਆਂ ਵੀ ਉਠਦੀਆਂ ਰਹੀਆਂ ਹਨ। ਚੋਣ ਬਾਂਡਾਂ ਸੰਬੰਧੀ ਫੈਸਲੇ ਦਾ ਹਰ ਪਾਸਿਓਂ ਸੁਆਗਤ ਹੋਇਆ ਹੈ, ਪਰ ਇਹ ਫੈਸਲਾ ਬਹੁਤ ਦੇਰ ਬਾਅਦ ਆਇਆ ਹੈ। ਇਸ ਦੌਰਾਨ ਸੱਤਾਧਾਰੀ ਪਾਰਟੀ ਨਜਾਇਜ਼ ਤੌਰ ਉੱਤੇ 6500 ਕਰੋੜ ਰੁਪਏ ਇਕੱਠੇ ਕਰ ਚੁੱਕੀ ਸੀ। ਇਹੋ ਨਹੀਂ, ਇਸ ਧਨ ਦੀ ਵਰਤੋਂ ਕਰਕੇ ਉਸ ਨੇ 2019 ਦੀਆਂ ਲੋਕ ਸਭਾ ਚੋਣਾਂ ਤੇ ਕਈ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਲੋਕਤੰਤਰੀ ਪ੍ਰਕਿਰਿਆ ਨੂੰ ਅਗਵਾ ਕਰਕੇ ਜਿੱਤ ਪ੍ਰਾਪਤ ਕੀਤੀ ਸੀ। ਸੁਪਰੀਮ ਕੋਰਟ ਨੂੰ ਇਨ੍ਹਾਂ ਚੋਣਾਂ ਬਾਰੇ ਵੀ ਫੈਸਲਾ ਦੇਣਾ ਚਾਹੀਦਾ ਸੀ। ਘੱਟੋ-ਘੱਟ ਇਹ ਫੈਸਲਾ ਤਾਂ ਹੋਣਾ ਚਾਹੀਦਾ ਸੀ ਕਿ ਭਾਜਪਾ ਦੇ ਖ਼ਜ਼ਾਨੇ ਵਿੱਚ ਜਿੰਨਾ ਧਨ ਜਮ੍ਹਾਂ ਹੈ, ਉਸ ਵਿੱਚੋਂ ਚੋਣ ਬਾਂਡਾਂ ਰਾਹੀਂ ਇਕੱਠਾ ਕੀਤਾ ਪੈਸਾ ਸਰਕਾਰੀ ਖ਼ਜ਼ਾਨੇ ਵਿੱਚ ਜਮ੍ਹਾਂ ਹੋ ਜਾਂਦਾ, ਤਾਂ ਜੋ ਅਗਲੀਆਂ ਚੋਣਾਂ ਵਿੱਚ ਇਸ ਦੀ ਵਰਤੋਂ ਨਾ ਹੋ ਸਕਦੀ। ਖੈਰ, ਹੁਣ ਤਾਂ ਇਹੋ ਕਿਹਾ ਜਾ ਸਕਦਾ ਹੈ ਕਿ ਦੇਰ ਆਏ ਦਰੁਸਤ ਆਏ।

ਸੁਪਰੀਮ ਦਾ ਅਗਲਾ ਫੈਸਲਾ ਚੰਡੀਗੜ੍ਹ ਮੇਅਰ ਦੀ ਚੋਣ ਵਿੱਚ ਹੋਈ ਧਾਂਦਲੀ ਬਾਰੇ ਹੈ। ਚੰਡੀਗੜ੍ਹ ਦੀ ਮੇਅਰ ਚੋਣ ਵਿੱਚ ਜਿਸ ਤਰ੍ਹਾਂ ਭਾਜਪਾ ਵੱਲੋਂ ਆਪਣੇ ਮੈਂਬਰ ਨੂੰ ਪ੍ਰੀਜ਼ਾਈਡਿੰਗ ਅਫ਼ਸਰ ਬਣਾ ਕੇ ਧਾਂਦਲੀ ਕੀਤੀ ਗਈ, ਉਹ ਦੇਸ਼ ਦੇ ਲੋਕਤੰਤਰ ਦੇ ਇਤਿਹਾਸ ਦਾ ਬੇਹੱਦ ਕਾਲਾ ਵਰਕਾ ਹੈ। ਕੁਝ ਲੋਕਾਂ ਦਾ ਕਹਿਣਾ ਹੈ ਕਿ ਇਹ ਤਾਂ ਇੱਕ ਰਿਹਰਸਲ ਸੀ, ਅਸਲ ਮਕਸਦ ਤਾਂ ਲੋਕ ਸਭਾ ਚੋਣਾਂ ਵਿੱਚ ਮਨਮਰਜ਼ੀ ਕਰਨਾ ਹੈ। ਸੁਪਰੀਮ ਕੋਰਟ ਨੇ ਇਸ ਬਾਰੇ ਜਿਸ ਤਰ੍ਹਾਂ ਭਾਜਪਾ ਦੇ ਧਾਂਦਲੀ ਰਾਹੀਂ ਜਿੱਤੇ ਮੇਅਰ ਦੀ ਥਾਂ ਆਪ ਦੇ ਕੁਲਦੀਪ ਕੁਮਾਰ ਨੂੰ ਜੇਤੂ ਕਰਾਰ ਦਿੱਤਾ ਹੈ, ਉਸ ਨੇ ਭਾਜਪਾ ਦੇ ਨੀਤੀ ਘਾੜਿਆਂ ਦੀਆਂ ਚੂਲਾਂ ਢਿੱਲੀਆਂ ਕਰ ਦਿੱਤੀਆਂ ਹਨ। ਇਸ ਦੇ ਬਾਵਜੂਦ ਇਹ ਸੁਆਲ ਖੜ੍ਹਾ ਰਹੇਗਾ ਕਿ ਜਿਹੜੀ ਸਰਕਾਰ ਇੱਕ ਮੇਅਰ ਵਰਗੀ ਛੋਟੀ ਚੋਣ ਵਿੱਚ ਅਜਿਹੇ ਹਰਬੇ ਵਰਤ ਸਕਦੀ ਹੈ, ਉਹ ਲੋਕ ਸਭਾ ਚੋਣਾਂ ਜਿੱਤਣ ਲਈ ਕੀ ਕੁਝ ਨਹੀਂ ਕਰੇਗੀ।

ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਸੁਪਰੀਮ ਕੋਰਟ ਵਿੱਚ ਪਹਿਲੀ ਸੁਣਵਾਈ ਦੌਰਾਨ ਜਦੋਂ ਹਾਕਮਾਂ ਨੂੰ ਲੱਗਿਆ ਕਿ ਫੈਸਲਾ ਉਨ੍ਹਾਂ ਦੇ ਵਿਰੁੱਧ ਆ ਸਕਦਾ ਹੈ ਤਾਂ ਕੌਂਸਲਰਾਂ ਦੀ ਖਰੀਦੋ-ਫਰੋਖਤ ਸ਼ੁਰੂ ਕਰ ਦਿੱਤੀ ਗਈ ਅਤੇ ਆਮ ਆਦਮੀ ਪਾਰਟੀ ਦੇ ਤਿੰਨ ਕੌਂਸਲਰ ਤੋੜ ਵੀ ਲਏ। ਸੱਤਾਧਾਰੀਆਂ ਨੂੰ ਲਗਦਾ ਸੀ ਕਿ ਸੁਪਰੀਮ ਕੋਰਟ ਵੱਧ ਤੋਂ ਵੱਧ ਦੁਬਾਰਾ ਚੋਣਾਂ ਕਰਾਉਣ ਦਾ ਫ਼ੈਸਲਾ ਦੇ ਦੇਵੇਗੀ ਤੇ ਅਸੀਂ ਫਿਰ ਜਿੱਤ ਜਾਵਾਂਗੇ। ਇਹੋ ਕਰਤੂਤ ਇਨ੍ਹਾਂ ਨੂੰ ਮਹਿੰਗੀ ਪਈ। ਤੋੜ-ਫੋੜ ਦੀਆਂ ਖ਼ਬਰਾਂ ਜਦੋਂ ਸੁਪਰੀਮ ਕੋਰਟ ਵਿੱਚ ਪੁੱਜੀਆਂ ਤਾਂ ਚੀਫ਼ ਜਸਟਿਸ ਨੇ ਇਸ ਦਾ ਸਖ਼ਤ ਨੋਟਿਸ ਲੈਂਦਿਆਂ ਪਿਛਲੀ ਚੋਣ ਵਿੱਚ ਰੱਦ ਕੀਤੀਆਂ 8 ਵੋਟਾਂ ਨੂੰ ਜਾਇਜ਼ ਕਰਕੇ ਆਪਣਾ ਫੈਸਲਾ ਸੁਣਾ ਦਿੱਤਾ। ਅਜੋਕੀ ਸੱਤਾਧਾਰੀ ਧਿਰ ਦਾ ਕਿਸੇ ਸਿਧਾਂਤ ਜਾਂ ਵਿਵਸਥਾ ਨਾਲ ਕੋਈ ਲੈਣਾ-ਦੇਣਾ ਨਹੀਂ, ਉਨ੍ਹਾਂ ਲਈ ਤਾਂ ਸਭ ਕੁਝ ਸੱਤਾ ਹਾਸਲ ਕਰਨਾ ਹੈ। ਇਸ ਲਈ ਉਹ ਕਿਸੇ ਵੀ ਹੱਦ ਤੱਕ ਗਿਰ ਸਕਦੇ ਹਨ। ਇਸ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਭਾਰਤੀ ਲੋਕਤੰਤਰ ਨੂੰ ਸੱਤਾਧਾਰੀ ਧਿਰ ਤੋਂ ਪੈਦਾ ਹੋ ਚੁੱਕੇ ਖ਼ਤਰੇ ਬਾਰੇ ਸੁਪਰੀਮ ਕੋਰਟ ਸਦਾ ਚੌਕਸ ਰਹੇ ਤੇ ਸਮੇਂ ਸਿਰ ਇਸ ਨੂੰ ਬਚਾਉਣ ਲਈ ਹਰ ਹੀਲਾ ਵਰਤੇ।

-ਚੰਦ ਫਤਿਹਪੁਰੀ

ਬਰਕਤਾਂ ਏਕੇ ਦੀਆਂ ਜਦੋਂ ਝੂਮਰ ਪਾਵਣ...

ਅੰਮ੍ਰਿਤ ਕੌਰ

ਚੋਣਾਂ ਨੇੜੇ ਹੋਣ ਤਾਂ ਬਹੁਤ ਕੁਝ ਅਜਿਹਾ ਹੋਣ ਲੱਗਦਾ ਹੈ, ਜੋ ਆਮ ਬੰਦੇ ਨੂੰ ਹਜ਼ਮ ਨਹੀਂ ਹੁੰਦਾ। ਨੇਤਾ ਲੋਕ ਆਪਣੀ ਪਹੁੰਚ ਤੋਂ ਪਰ੍ਹੇ ਦੇ ਵਾਅਦੇ ਕਰ ਲੈਂਦੇ ਹਨ। ਮੁਫ਼ਤੋ-ਮੁਫ਼ਤੀ ਅੰਨ-ਪਾਣੀ ਦੇਣ ਦੇ ਵਾਅਦੇ ਕੀਤੇ ਜਾਂਦੇ ਹਨ। ਭਾਵੇਂ ਜਨਤਾ ਕੂਕ-ਕੂਕ ਕੇ ਆਖੇ ਕਿ ਰੋਟੀ ਤਾਂ ਅਸੀਂ ਕਮਾ ਕੇ ਖਾ ਲਵਾਂਗੇ, ਕੰਮ ਦਿਉ ਅਤੇ ਉਸ ਦਾ ਮੁੱਲ ਪਾਉ। ਜਨਤਾ ਹੁਣ ਬਹੁਤ ਕੁਝ ਜਾਣਦੀ ਹੈ। ਇਹ ਕਹਿੰਦੇ ਕਹਾਉਂਦੇ ਨੇਤਾਵਾਂ ਦੀਆਂ ਗੋਡਣੀਆਂ ਲਵਾ ਸਕਦੀ ਹੈ। ਅਰਸ਼ੋਂ ਫ਼ਰਸ਼ 'ਤੇ ਅਤੇ ਫ਼ਰਸ਼ੋਂ ਅਰਸ਼ 'ਤੇ ਪਹੁੰਚਾ ਸਕਦੀ ਹੈ। ਫਿਰ ਵੀ ਨੇਤਾ ਲੋਕ ਜਨਤਾ ਨੂੰ ਆਪਣੀਆਂ ਗੱਲਾਂ ਵਿੱਚ ਉਲਝਾ ਲੈਂਦੇ ਹਨ। ਕਹਿੰਦੇ ਬਹੁਤ ਕੁਝ ਨੇ, ਪਰ ਕਰਦੇ ਉਸ ਦੇ ਉਲਟ ਨੇ।

ਚੋਣਾਂ ਸਮੇਂ ਰੁੱਸਿਆਂ ਨੂੰ ਮਨਾਉਣ ਦਾ ਕੰਮ ਵੀ ਜ਼ੋਰਾਂ 'ਤੇ ਹੁੰਦਾ ਹੈ। ਕੁਝ ਮੰਨ ਜਾਂਦੇ ਨੇ ਅਤੇ ਕੁਝ ਕੁ ਦੂਜੀਆਂ ਪਾਰਟੀਆਂ ਵੱਲ ਰਿੜ੍ਹ ਜਾਂਦੇ ਨੇ। ਰਿੜ੍ਹਦੇ ਇਸ ਲਈ ਨੇ ਕਿ ਉਹ ਅਸਥਿਰ ਹੁੰਦੇ ਹਨ। ਥਾਲੀ ਦੇ ਬੈਂਗਣ ਵਾਂਗ ਜਾਂ ਫਿਰ ਕਿਸੇ ਵੀ ਗੋਲ਼ ਚੀਜ਼ ਵਾਂਗ ਜਿਸ ਦਾ ਕੋਈ ਸਟੈਂਡ ਨਹੀਂ ਹੁੰਦਾ। ਸ਼ਾਇਦ ਉਹਨਾਂ ਦੀਆਂ ਲੱਤਾਂ ਅਤੇ ਇਰਾਦਿਆਂ ਵਿੱਚ ਦਮ ਨਹੀਂ ਹੁੰਦਾ, ਜੇ ਹੋਵੇ ਤਾਂ ਹੋ ਸਕਦਾ ਹੈ ਕਿ ਦੂਜਿਆਂ ਦਾ ਆਸਰਾ ਘੱਟ ਤੱਕਣ। ਜੇ ਉਹ ਆਪਣੇ-ਆਪ ਨੂੰ ਮਜ਼ਬੂਤ ਸੋਚ ਵਾਲੇ ਸਮਝਦੇ ਹਨ ਤਾਂ ਜਿੰਨੀਆਂ ਮਰਜ਼ੀ ਝੱਖੜ, ਹਨੇਰੀਆਂ ਆਉਣ ਇਹ ਇਕੱਲੇ ਵੀ ਖੜ੍ਹੇ ਰਹਿ ਸਕਦੇ ਹਨ। ਝੱਖੜ ਨੇ ਤਾਂ ਥੋੜ੍ਹੇ ਸਮੇਂ ਬਾਅਦ ਸ਼ਾਂਤ ਹੋ ਜਾਣਾ ਹੁੰਦਾ ਹੈ, ਉਸ ਤੋਂ ਬਾਅਦ ਤਾਂ ਉਸ 'ਕੱਲੇ ਦੀ ਦ੍ਰਿੜ੍ਹਤਾ ਦੇਖ ਜਨਤਾ ਵਿੱਚੋਂ ਉਸ ਵਰਗੇ ਲੋਕਾਂ ਨੇ ਨਵੀਂਆਂ ਉਮੀਦਾਂ ਲੈ ਕੇ ਉਸ ਨਾਲ ਜੁੜਨਾ ਹੁੰਦਾ ਹੈ ਅਤੇ ਇਸੇ ਤਰ੍ਹਾਂ ਕਾਫ਼ਲੇ ਬਣ ਜਾਂਦੇ ਹਨ, ਪਰ ਝੱਖੜਾਂ ਦੀ ਮਾਰ ਸਹਿਣ ਦਾ ਰਾਜਨੇਤਾਵਾਂ ਕੋਲ਼ ਸਮਾਂ ਨਹੀਂ ਹੁੰਦਾ, ਅਗਲਿਆਂ ਨੂੰ ਜ਼ਰੂਰਤ ਵੀ ਕੀ ਐ ਐਵੇਂ ਮੁਸੀਬਤਾਂ ਝੱਲਣ ਦੀ, ਇਸ ਲਈ ਇਹ ਦੂਜੇ ਪਾਸੇ ਰਿੜ੍ਹ ਜਾਂਦੇ ਨੇ। ਆਪਣੀ ਪੁਰਾਣੀ ਪਾਰਟੀ ਦੀ ਨਿੰਦਿਆ ਕਰ ਕੇ ਦੁੱਧ-ਧੋਤੇ ਬਣ ਜਾਂਦੇ ਹਨ। ਜਿਹੜੇ ਕਸੀਦੇ ਕਿਸੇ ਸਮੇਂ ਪੁਰਾਣੀ ਪਾਰਟੀ ਵਿੱਚ ਸ਼ਾਮਲ ਹੋਣ ਲਈ ਪੜ੍ਹੇ ਸਨ, ਉਹੀ ਹੁਣ ਵਾਲੀ ਪਾਰਟੀ ਲਈ ਪੜ੍ਹ ਰਹੇ ਹਨ। ਸ਼ਬਦ, ਸ਼ੇਅਰ ਉਹੀ ਨੇ, ਪਰ ਸਾਬਕਾ ਪਾਰਟੀ ਦਾ ਨਾਂਅ ਮੇਟ ਕੇ ਮੌਜੂਦਾ ਪਾਰਟੀ ਦਾ ਨਾਂਅ ਲਿਖ ਦਿੱਤਾ। ਸਕੂਲ ਪੜ੍ਹਦਿਆਂ ਅਧਿਆਪਕ ਕਈ ਵਾਰ ਆਪਣੇ ਵਿਦਿਆਰਥੀਆਂ ਦੀ ਸੌਖ ਲਈ ਕੋਈ ਇੱਕ ਲੇਖ ਯਾਦ ਕਰਵਾ ਕੇ ਆਖ ਦਿੰਦੇ ਕਿ ਜੇ ਇਮਤਿਹਾਨ ਵਿੱਚ ਇਸ ਦੇ ਨਾਲ ਮਿਲਦਾ-ਜੁਲਦਾ ਲੇਖ ਆ ਗਿਆ ਤਾਂ ਅਡਜਸਟ ਕਰ ਲੈਣਾ, ਜਿਵੇਂ -ਗਾਂ ਦਾ ਲੇਖ ਯਾਦ ਕਰਵਾ ਕੇ ਬੱਕਰੀ, ਕੁੱਤਾ, ਮੱਝ ਆਦਿ ਚਾਰ ਲੱਤਾਂ, ਦੋ ਕੰਨ, ਦੋ ਅੱਖਾਂ ਆਦਿ ਕਈ ਵਿਸ਼ੇਸ਼ਤਾਵਾਂ ਇੱਕੋ ਜਿਹੀਆਂ ਹੁੰਦੀਆਂ ਹਨ। ਇਸ ਤਰ੍ਹਾਂ ਵਿਦਿਆਰਥੀ ਅੱਧ-ਪਚੱਧ ਨੰਬਰ ਲੈ ਲੈਂਦਾ ਅਤੇ ਪਾਸ ਹੋ ਜਾਂਦਾ। ਕਈ ਨੇਤਾ ਆਪਣੇ ਅਧਿਆਪਕਾਂ ਦੀਆਂ ਗੱਲਾਂ ਨੂੰ ਹੋਰ ਹਿਸਾਬ ਨਾਲ ਫਿੱਟ ਕਰ ਲੈਂਦੇ ਹਨ, ਉਹ ਵਾਰ-ਵਾਰ ਪਾਰਟੀ ਬਦਲਦੇ ਹਨ। ਯਾਦ ਕੀਤੇ ਦੋ-ਚਾਰ ਸ਼ੇਅਰ ਹਰ ਪਾਰਟੀ ਲਈ ਹਿੱਕ ਠੋਕ ਕੇ ਵਰਤਦੇ ਹਨ।

ਰਾਜਨੀਤੀ ਵਿੱਚ ਰੁੱਸਿਆਂ ਨੂੰ ਮਨਾਉਣ ਦਾ, ਮਿੱਠੇ ਪੋਚੇ ਮਾਰ ਭਰਮਾਉਣ ਦਾ ਸਿਲਸਿਲਾ ਅਜੇ ਜਾਰੀ ਹੈ, ਪਰ ਬਦਲਦੇ ਹਾਲਾਤ ਨੂੰ ਦੇਖ ਕੇ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਜਨਤਾ ਨੂੰ ਬੇਵਕੂਫ ਬਣਾ ਕੇ ਬਣੇ ਸ਼ਕਤੀਮਾਨਾਂ ਨੂੰ ਇਸ ਤਰ੍ਹਾਂ ਦੀਆਂ ਤਿਕੜਮਬਾਜ਼ੀਆਂ ਆ ਗਈਆਂ ਹਨ, ਸਿੱਧੀ ਉੱਪਰਲੇ ਨਾਲ ਗੰਢਤੁੱਪ ਕਰੋ ਕਿ ਵਿਰੋਧੀਆਂ ਦੀਆਂ ਵੋਟਾਂ ਰੱਦ ਹੋ ਜਾਣ ਅਤੇ ਉੱਪਰਲੇ ਨੇ 'ਤਥਾਅਸਤੂ' ਆਖ ਕੇ ਕੰਮ ਕਰ ਦੇਣਾ। ਮਾੜਾ ਜਿਹਾ ਕਿਤੇ ਸਿਆਹੀ ਦੇ ਰੰਗਵੰਨ ਦੇ ਫ਼ਰਕ ਨਾਲ ਇੱਕ ਅਨਮੋਲ ਬੰਦਾ... ਨੋ-ਮੈਨ... ਬਣ ਜਾਂਦਾ ਐ, ਯਾਨੀ ਕਿ ਕੀਮਤੀ ਵੋਟ ਦੀ ਸ਼ਕਤੀ ਜ਼ੀਰੋ ਜਾਂ ਫਿਰ ਵਿਰੋਧੀ ਪਾਰਟੀ ਦੇ ਨੇਤਾਵਾਂ ਨੂੰ ਉੱਚੇ ਅਹੁਦਿਆਂ ਦੇ ਸਬਜ਼ਬਾਗ ਦਿਖਾ ਕੇ ਆਪਣੇ ਵੱਲ ਖਿੱਚ ਲਵੋ ਜਾਂ ਫਿਰ ਕਿਸੇ ਸਮੇਂ ਉਹਨਾਂ ਦੇ ਜਾਣੇ-ਅਣਜਾਣੇ ਕੀਤੇ ਗੁਨਾਹਾਂ ਨੂੰ ਨੰਗਿਆਂ ਕਰਕੇ ਡਰਾ ਲਵੋ ਜਾਂ ਮਸ਼ੀਨਾਂ ਬਣਾਉਣ ਵਾਲੇ ਰੱਬ ਨੂੰ ਆਖੋ, 'ਭਗਵਾਨ ਜੀ! ਐਨੀ ਕੁ ਕਰਾਮਾਤ ਕਰ ਦੇਣਾ ਕਿ ਬਟਨ ਕੋਈ ਜਿਹੜਾ ਮਰਜ਼ੀ ਨੱਪੇ ਵੋਟਾਂ ਸਾਡੀ ਪਾਰਟੀ ਵਾਲੇ ਬੰਦੇ ਨੂੰ ਪਈ ਜਾਣ।' ਕਿੰਨੀ ਸੌਖੀ ਜਿਹੀ ਗੱਲ ਐ ਘਰ ਘਰ ਜਾ ਕੇ ਮਿੰਨਤਾਂ ਕਰਨ ਨਾਲੋਂ ਤਾਂ ਚੰਗਾ ਈ ਐ। ਭਗਵਾਨ ਵੀ ਵਿਚਾਰਾ ਕੰਮ ਕਰੀ ਜਾਂਦਾ ਐ, ਉਹਨੂੰ ਵੀ ਡਰ ਐ ਕਿ ਜੇ ਭਗਤਾਂ ਦੇ ਕੰਮ ਨਾ ਕੀਤੇ ਕਿਤੇ ਮੈਨੂੰ ਭਗਵਾਨ ਮੰਨਣ ਤੋਂ ਇਨਕਾਰ ਈ ਨਾ ਕਰ ਦੇਣ। ਖ਼ੈਰ ਹੋਵੇ ਸਾਡੇ ਸਭ ਦੇ ਸਾਂਝੇ ਭਗਵਾਨ ਦੀ। ਹੁਣ ਤਾਂ ਭਗਵਾਨ ਦੇ ਨਾਂਅ 'ਤੇ ਬਣੇ ਧਰਤੀ ਦੇ ਭਗਵਾਨਾਂ ਨੇ ਭਗਵਾਨ ਦੀਆਂ ਮੰਨਣ ਦੀ ਥਾਂ ਭਗਵਾਨ ਨੂੰ ਉਂਗਲੀ ਲਾ ਕੇ ਤੋਰਨ ਦਾ ਇਸ਼ਾਰਾ ਵੀ ਦੇ ਦਿੱਤਾ ਹੈ। ਚਲੋ ...ਇਹ ਤਾਂ ਭਗਵਾਨ ਅਤੇ ਭਗਤ ਦੀ ਆਪਸੀ ਸਹਿਮਤੀ ਹੈ। ਜੇ ਉਸ ਨੂੰ ਆਪਣਾ ਸਿੰਘਾਸਨ ਅਸੁਰੱਖਿਅਤ ਲੱਗਿਆ, ਉਹਨੇ ਲੋਕਾਂ ਦੀ ਅਕਲ ਨੂੰ ਝੰਜੋੜ ਉਨ੍ਹਾਂ ਅੰਦਰ ਸੁੱਤੀ ਪਈ ਜ਼ਮੀਰ ਨੂੰ ਜਗਾ ਕੇ ਜਨਤਾ ਤੋਂ ਕਰਾਮਾਤ ਕਰਵਾ ਦੇਣੀ ਐ।

ਮੁੱਖ ਕਾਰਨ ਤਾਂ ਇਹੀ ਹੈ, ਜਨਤਾ ਵਿੱਚ ਚੰਗੇ ਇਨਸਾਨਾਂ ਦੀ ਕਮੀ ਨਹੀਂ। ਕਮੀ ਹੈ ਤਾਂ ਏਕਤਾ ਦੀ। ਸਿਆਸਤਦਾਨਾਂ ਨੂੰ ਮੁਫ਼ਤ ਦੀਆਂ ਰਿਉੜੀਆਂ ਵੰਡ-ਵੰਡ ਕੇ ਦਿਮਾਗ਼ ਦਾ ਰਿਮੋਟ ਆਪਣੇ ਕਾਬੂ ਵਿੱਚ ਕਰਨਾ ਆਉਂਦਾ ਹੈ। ਜਦੋਂ ਮੁਫ਼ਤਖ਼ੋਰੀ ਦਿਸਦੀ ਹੈ ਤਾਂ ਫਿਰ ਆਪਣਾ ਦਿਮਾਗ਼ ਵਰਤਣਾ ਤਾਂ ਬੇਵਕੂਫ਼ੀ ਹੀ ਸਮਝੀ ਜਾਂਦੀ ਹੈ। ਕਈ ਵਿਹਲੀ ਬਿਰਤੀ ਵਾਲੇ ਇਹੀ ਸੋਚਦੇ ਹੋਣਗੇ ਕਿ ਜਦੋਂ ਉੱਪਰ ਵਾਲੇ ਕੋਲ ਵਾਪਸ ਜਾਣਾ ਹੋਇਆ ਤਾਂ ਫਿਰ ਉਹਨੇ ਵੀ ਖੁਸ਼ ਹੋ ਜਾਣਾ ਐ ਕਿ ਬਹੁਤ ਸਾਰੇ ਧਰਤੀ 'ਤੇ ਭੇਜੇ ਮਨੁੱਖ ਵਸਤਾਂ ਨੂੰ ਕਿੰਨੇ ਸੁਹਣੇ ਤਰੀਕੇ ਨਾਲ ਸੰਭਾਲ ਕੇ ਰੱਖਦੇ ਹਨ। ਉਸ ਦੀ ਬਖ਼ਸ਼ੀ ਦਿਮਾਗ਼ ਰੂਪੀ ਵਸਤੂ ਵੀ ਬਿਨਾਂ ਵਰਤਿਆਂ ਉਸੇ ਤਰ੍ਹਾਂ ਵਾਪਸ ਲੈ ਆਏ। ਚਲੋ, ਇਸ ਗੱਲ ਦਾ ਤਾਂ ਆਪਾਂ ਨੂੰ ਕੋਈ ਇਲਮ ਨਹੀਂ ਕਿ ਉੱਪਰ ਜਾ ਕੇ ਕੀ ਹੋਵੇਗਾ, ਪਰ ਜੇ ਅੱਖਾਂ ਬੰਦ ਕਰਕੇ ਬਿਨਾਂ ਛਾਣਬੀਣ, ਖੋਜ ਪੜਤਾਲ ਕੀਤਿਆਂ ਦੂਜਿਆਂ ਦੀਆਂ ਕਹੀਆਂ ਗੱਲਾਂ 'ਤੇ ਭਰੋਸਾ ਕਰਦੇ ਰਹੇ ਤਾਂ ਸੱਚਮੁੱਚ ਹੀ ਧਰਤੀ 'ਤੇ ਰਹਿੰਦੇ ਹੋਏ ਵੀ ਨਰਕੋਂ ਭੈੜੀ ਜ਼ਿੰਦਗੀ ਜਿਉਣ ਲਈ ਮਜਬੂਰ ਹੋ ਜਾਵਾਂਗੇ।

ਇੱਕ ਸਿੱਧੀ ਜਿਹੀ ਗੱਲ ਹੈ ਪਾਰਟੀਆਂ ਮਜ਼ਬੂਤ ਕਿਵੇਂ ਬਣਨਗੀਆਂ। ਜਵਾਨੀ ਤਾਂ ਨਸ਼ਿਆਂ ਨੇ ਖਾ ਲਈ, ਘਰਾਂ ਦੇ ਘਰ ਸੁੰਨੇ ਹੋਏ ਪਏ ਨੇ। ਕੌੜੀ ਸੱਚਾਈ ਇਹ ਹੈ ਕਿ ਜਵਾਨੀ ਤਾਂ ਇੱਥੇ ਰਹੀ ਹੀ ਨਹੀਂ। ਕੁਝ ਨਸ਼ਿਆਂ ਨੇ ਮੌਤ ਦੀ ਨੀਂਦ ਸੁਲਾ ਦਿੱਤੇ, ਕੁਝ ਵਿਦੇਸ਼ਾਂ ਵਿੱਚ ਰੁਲਦੇ ਫਿਰਦੇ ਨੇ। ਪਾਰਟੀਆਂ ਵੀ ਤਾਂ ਜਵਾਨਾਂ ਦੇ ਸਿਰ 'ਤੇ ਹੀ ਮਜ਼ਬੂਤ ਹੋਣਗੀਆਂ। ਪਹਿਲਾਂ ਉਹਨਾਂ ਨੂੰ ਤਾਂ ਬਚਾ ਲਵੋ। ਆਪੇ ਪਾਰਟੀਆਂ ਮਜ਼ਬੂਤ ਹੁੰਦੀਆਂ ਰਹਿਣਗੀਆਂ। ਜਿੰਨੀ ਸ਼ਿੱਦਤ ਨਾਲ ਪਾਰਟੀਆਂ ਨੂੰ ਮਜ਼ਬੂਤ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਨੇ, ਓਨੀ ਹੀ ਸ਼ਿੱਦਤ ਨਾਲ ਜਵਾਨੀ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਵੀ ਕਰ ਲਵੋ। ਮੇਰੇ ਪਿਆਰੇ ਦੇਸ਼ ਵਾਸੀਆਂ ਨੂੰ ਖ਼ੁਦ ਸੋਚਣਾ ਹੋਵੇਗਾ। ਕੀ ਗਲਤ ਹੈ, ਕੀ ਠੀਕ ਹੈ, ਪਰ ਯਾਦ ਰੱਖਣਾ:

'ਬਰਕਤਾਂ ਏਕੇ ਦੀਆਂ ਜਦੋਂ ਝੂਮਰ ਪਾਵਣ,
ਹਿੰਮਤਾਂ ਦੀ ਤਾਣ ਖਿੱਚ ਅੰਬਰੋਂ ਲਿਆਵਣ।'

 # ਸੰਪਰਕ : 98767-14004

ਇਹ ਸੰਵਿਧਾਨ ਜ਼ਿਆਦਾ ਕੀਹਦੇ ਹੱਕ 'ਚ ਭੁਗਤਦਾ ਹੈ ?

ਮੇਜਰ ਸਿੰਘ ਬੁਢਲਾਡਾ

ਦੇਸ਼ ਵਿੱਚ ਸੰਵਿਧਾਨ ਬਚਾਉਣ ਦੇ ਨਾਂਅ 'ਤੇ ਬਹੁਤ ਸਾਰੀਆਂ ਗੱਲਾਂ ਹੋ ਰਹੀਆਂ ਹਨ ਅਤੇ ਕਾਫ਼ੀ ਸਾਰੀਆਂ ਜਥੇਬੰਦੀਆਂ ਵੱਲੋਂ ਕਿਤੇ ਨਾ ਕਿਤੇ ਪ੍ਰੋਗਰਾਮ ਕਰਕੇ ਸੰਵਿਧਾਨ ਬਚਾਉਣ ਦਾ ਹੋਕਾ ਦਿੱਤਾ ਜਾ ਰਿਹਾ ਹੈ ।

ਇਹਨਾਂ ਲੋਕਾਂ ਵੱਲੋਂ ਮੋਦੀ ਸਰਕਾਰ ਅੰਦਰ ਸੰਵਿਧਾਨ ਨੂੰ ਸੁਰੱਖਿਅਤ ਨਹੀਂ ਮੰਨਿਆ ਜਾ ਰਿਹਾ । ਹਮੇਸ਼ਾ ਡਰ ਬਣਿਆ ਰਹਿੰਦਾ ਹੈ ਕਿ ਮੋਦੀ ਸਰਕਾਰ ਵੱਲੋਂ ਇਹ ਮੌਜੂਦਾ ਸੰਵਿਧਾਨ ਨੂੰ

22-FEB-PAGE-5.qxd 2/21/2024 9:48 PM Page 1

ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਬੀ ਜੇ ਪੀ ਆਗੂ ਗੋਰਾ ਪਠੇਲਾ ਦੇ ਘਰ ਅੱਗੇ ਧਰਨਾ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ ਪੂਜਾ/ ਕੁੱਲਭੂਸ਼ਣ ਚਾਵਲਾ/ ਪਰਮਜੀਤ ਸਿੰਘ)- ਧਰਨੇ ਵਿੱਚ ਬੋਲਦਿਆਂ ਬੀ ਕੇ ਯੂ ਰਾਜੇਵਾਲ ਦੇ ਜ਼ਿਲ੍ਹਾ ਪ੍ਰਧਾਨ ਗੋਬਿੰਦ ਸਿੰਘ ਕੋਟਲੀ, ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਜਸਵਿੰਦਰ ਸਿੰਘ ਝਬੇਲਵਾਲੀ, ਬੀ ਕੇ ਯੂ ਕਾਦੀਆਂ ਦੇ ਜ਼ਿਲ੍ਹਾ ਪ੍ਰਧਾਨ ਹਰਮਨਦੀਪ ਸਿੰਘ ਬਾਮ, ਬੀ ਕੇ ਯੂ ਡਕੌਂਦਾ ਬੁਰਜ ਗਿੱਲ ਦੇ ਜ਼ਿਲ੍ਹਾ ਪ੍ਰਧਾਨ ਪੂਰਨ ਸਿੰਘ ਵੱਟੂ, ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਆਗੂ ਜਰਨੈਲ ਸਿੰਘ ਅਰੋੜਾਵਾਲੀ, ਕੌਮੀ ਕਿਸਾਨ ਯੂਨੀਅਨ ਦੇ ਮੁੱਖ ਬੁਲਾਰਾ ਲੱਖਾ ਸ਼ਰਮਾ ਮਲੋਟ, ਭਾਰਤੀ ਕਿਸਾਨ ਯੂਨੀਅਨ ਏਕਤਾ ਮਾਲਵਾ ਦੇ ਕੁਲਬੀਰ ਸਿੰਘ ਧੂਰਕੋਟ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ ਜੋ ਫੈਸਲਾ ਕੀਤਾ ਗਿਆ ਹੈ ਉਸ ਮੁਤਾਬਕ ਅੱਜ ਦੂਜੇ ਦਿਨ ਧਰਨਾ ਦਿੱਤਾ ਜਾ ਰਿਹਾ ਹੈ। ਸੰਯੁਕਤ ਕਿਸਾਨ ਮੋਰਚੇ ਦੀਆਂ ਮੰਗਾਂ ਵਿੱਚ ਕੱਲੀਆਂ ਕਿਸਾਨਾਂ ਦੀਆਂ ਮੰਗਾਂ ਹੀ ਨਹੀਂ ਹਨ ਇਸ ਵਿੱਚ ਮਜ਼ਦੂਰਾਂ ਦੀ ਦਿਹਾੜੀ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨਾ, ਪੁਰਾਣੀ ਪੈਨਸ਼ਨ ਬਹਾਲ ਕਰਨੀ, ਐਮ ਐਸ ਪੀ 'ਤੇ ਗਰੰਟੀ ਕਾਨੂੰਨ ਬਣਾਉਣਾ, 60 ਸਾਲ ਤੋਂ ਉੱਪਰ ਕਿਸਾਨ ਅਤੇ ਮਜ਼ਦੂਰਾਂ ਨੂੰ 10000 ਪ੍ਰਤੀ ਵਿਅਕਤੀ ਪੈਨਸ਼ਨ ਦੇਣੀ ਆਦਿ ਮੰਗਾਂ 'ਤੇ ਸੰਘਰਸ਼ ਕੀਤਾ ਜਾ ਰਿਹਾ ਹੈ ।ਇਸ 'ਤੇ ਬਲਜੀਤ ਸਿੰਘ ਲੰਡੇ ਰੋਡੇ, ਬਲਜੀਤ ਸਿੰਘ ਝਬੇਲਵਾਲੀ, ਬੇਅੰਤ ਸਿੰਘ ਬਲਮਗੜ੍ਹ, ਅਮਨਦੀਪ ਸਿੰਘ ਹਰੀਕੇ ਕਲਾਂ, ਸਕੱਤਰ ਸਿੰਘ ਸੋਹਣੇ ਵਾਲਾ, ਗੁਰਤੇਜ ਸਿੰਘ ਝਬੇਲਵਾਲੀ, ਸੁਖਚੈਨ ਸਿੰਘ ਥਾਂਦੇਵਾਲਾ, ਰਸ਼ਪਾਲ ਸਿੰਘ ਚਾਹਲ, ਰਵਿੰਦਰ ਸਿੰਘ ਚੌਤਰਾ, ਕੁਲਵੰਤ ਸਿੰਘ ਗੁਰੂਸਰ ਨੇ ਕਿਹਾ ਕਿ ਸੈਂਟਰ ਸਰਕਾਰ ਹਰੇਕ ਵਰਗ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਇਹ ਆਪਣੇ ਚਹੇਤਿਆਂ ਕਾਰਪੋਰੇਟ ਘਰਾਣਿਆਂ ਨੂੰ ਹੋਰ ਤਕੜਾ ਕਰਨ ਦੀ ਨੀਤੀ ਨਾਲ ਕੰਮ ਕਰ ਰਹੀ ਹੈ। ਸੰਯੁਕਤ ਕਿਸਾਨ ਮੋਰਚੇ ਦੇ ਸੀਨੀਅਰ ਆਗੂ ਬਲਵਿੰਦਰ ਸਿੰਘ ਥਾਂਦੇਵਾਲਾ ਨੇ ਕਿਹਾ ਕਿ ਸਰਕਾਰ ਜਿੰਨੀਆਂ ਮਰਜ਼ੀ ਕੋਝੀਆਂ ਚਾਲਾਂ ਚੱਲ ਲਵੇ ਸਾਡੇ ਕਿਸਾਨ ਨੇਤਾ ਬਹੁਤ ਸੰਜੀਦਗੀ ਨਾਲ ਕੰਮ ਕਰ ਰਹੇ ਹਨ। ਇਸ ਸਮੇਂ ਹੋਰਨਾਂ ਤੋਂ ਇਲਾਵਾ ਬਲਵਿੰਦਰ ਸਿੰਘ ਕੋਟਲੀ ਸੰਗਰ, ਸੁਰਜੀਤ ਸਿੰਘ ਰੁਪਾਣਾ, ਸੁਖਮੰਦਰ ਸਿੰਘ ਹਰੀਕੇ ਕਲਾਂ, ਜਸਕਰਨ ਸਿੰਘ ਬੂੜਾ ਗੁੱਜਰ, ਬੋੜ ਸਿੰਘ ਅਕਾਲਗੜ੍ਹ, ਅੰਗਰੇਜ ਸਿੰਘ ਨਵਾਂ ਭੁੱਲਰ, ਨਿੱਕਾ ਸਿੰਘ ਆਲਮ ਵਾਲਾ, ਗੁਰਸੇਵਕ ਸਿੰਘ ਭਲੇਰੀਆਂ, ਸੱਤਪਾਲ ਸਿੰਘ ਚੌਤਰਾ, ਬਲਕਰਨ ਸਿੰਘ, ਬਲਕੌਰ ਸਿੰਘ, ਗੁਰਤੇਜ ਸਿੰਘ ਕੋਟਲੀ ਨਿੱਕਾ ਸਿੰਘ ਆਲਮੋ ਵਾਲਾ, ਗੁਰਸੇਵਕ ਸਿੰਘ ਭਲੇਰੀਆਂ, ਬਲਦੇਵ ਸਿੰਘ ਹਰੀਕੇ ਕਲਾਂ, ਬਲਦੇਵ ਸਿੰਘ ਸੂਰੇਵਾਲਾ ਆਦਿ ਕਿਸਾਨ ਆਗੂ ਹਾਜ਼ਰ ਸਨ।

10,000 ਰੁਪਏ ਰਿਸ਼ਵਤ ਲੈਂਦਾ ਏ ਐੱਸ ਆਈ ਕਾਬੂ

ਸੰਗਰੂਰ, ਲੌਂਗੋਵਾਲ (ਪ੍ਰਵੀਨ ਸਿੰਘ, ਪ੍ਰਦੀਪ ਸਿੰਘ ਸੱਪਲ)- ਪੰਜਾਬ ਵਿਜੀਲੈਂਸ ਬਿਊਰੋ ਨੇ ਸੰਗਰੂਰ ਜ਼ਿਲ੍ਹੇ ਦੇ ਥਾਣਾ ਲੌਂਗੋਵਾਲ ਵਿਖੇ ਤਾਇਨਾਤ ਸਹਾਇਕ ਸਬ ਇੰਸਪੈਕਟਰ (ਏ.ਐਸ.ਆਈ.) ਚਤਰ ਸਿੰਘ ਨੂੰ 10,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਪੁਲਸ ਮੁਲਾਜ਼ਮ ਨੂੰ ਬਿੰਦਰ ਸਿੰਘ ਵਾਸੀ ਪਿੰਡ ਝਾੜੋਂ ਜ਼ਿਲ੍ਹਾ ਸੰਗਰੂਰ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਰੇਂਜ ਪਟਿਆਲਾ ਕੋਲ ਪਹੁੰਚ ਕਰਕੇ ਦੋਸ਼ ਲਾਇਆ ਕਿ ਉਕਤ ਏ.ਐਸ.ਆਈ. ਉਸ ਦੇ ਰਿਸ਼ਤੇਦਾਰ ਰਣਜੀਤ ਸਿੰਘ ਵਾਸੀ ਪਿੰਡ ਝਾੜੋਂ, ਸੁਨਾਮ, ਜ਼ਿਲ੍ਹਾ ਸੰਗਰੂਰ ਨੂੰ ਥਾਣਾ ਲੌਂਗੋਵਾਲ ਵਿਖੇ ਪੁਲਸ ਕੇਸ ਵਿੱਚ ਨਾਮਜ਼ਦ ਕੀਤੇ ਜਾਣ ਉਪਰੰਤ ਉਸ ਕੋਲੋਂ 10,000 ਰੁਪਏ ਦੀ ਰਿਸ਼ਵਤ ਦੀ ਮੰਗ ਰਿਹਾ ਹੈ। ਸ਼ਿਕਾਇਤਕਰਤਾ ਨੇ ਅੱਗੇ ਕਿਹਾ ਕਿ ਉਕਤ ਛੋਟਾ ਥਾਣੇਦਾਰ ਰਣਜੀਤ ਸਿੰਘ ਦੇ ਘਰੋਂ ਇੱਕ ਗੱਡੀ (ਅਰਟਿਗਾ ਕਾਰ) ਵੀ ਚੁੱਕ ਕੇ ਲੈ ਗਿਆ ਹੈ ਜੋ ਉਸ ਦੀ ਪਤਨੀ ਦੇ ਨਾਂ 'ਤੇ ਰਜਿਸਟਰਡ ਹੈ। ਸ਼ਿਕਾਇਤਕਰਤਾ ਨੇ ਅੱਗੇ ਦੋਸ਼ ਲਾਇਆ ਕਿ ਮੁਲਜ਼ਮ ਏ.ਐਸ.ਆਈ. ਰਣਜੀਤ ਸਿੰਘ ਨੂੰ ਰਿਸ਼ਵਤ ਦੇਣ ਲਈ ਧਮਕੀਆਂ ਦੇ ਰਿਹਾ ਹੈ ਕਿ ਉਹ ਇਸ ਮਾਮਲੇ ਵਿੱਚ ਉਸ ਦੀ ਪਤਨੀ ਨੂੰ ਵੀ ਨਾਮਜ਼ਦ ਕਰ ਦੇਵੇਗਾ। ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁਢਲੀ ਜਾਂਚ ਤੋਂ ਬਾਅਦ ਪਟਿਆਲਾ ਰੇਂਜ ਦੀ ਵਿਜੀਲੈਂਸ ਟੀਮ ਏ.ਐਸ.ਆਈ. ਚਤਰ ਸਿੰਘ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਬਿੰਦਰ ਸਿੰਘ ਤੋਂ 10,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਗਿਆ। ਇਸ ਸਬੰਧੀ ਵਿਜੀਲੈਂਸ ਬਿਊਰੋ ਦੇ ਥਾਣਾ ਪਟਿਆਲਾ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕਰ ਲਿਆ ਗਿਆ ਹੈ ਅਤੇ ਅਗਲੇਰੀ ਕਾਰਵਾਈ ਜਾਰੀ ਹੈ।

ਦੂਜੇ ਦਿਨ ਵੀ ਠੱਪ ਰਿਹਾ ਚੌਕੀਮਾਨ ਟੋਲ ਪਲਾਜ਼ਾ

ਜਗਰਾਉਂ, (ਅਮਿਤ ਖੰਨਾ) ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਸੂਬੇ ਭਰ 'ਚ ਮੋਦੀ ਸਰਕਾਰ ਦੀ ਹੋਸ਼ ਟਿਕਾਣੇ ਲਿਆਉਣ ਲਈ ਬੰਦ ਕੀਤੇ ਟੋਲ ਪਲਾਜ਼ਿਆਂ ਦੀ ਲੜੀ ਚ ਕਿਸਾਨ ਜਥੇਬੰਦੀਆਂ ਵੱਲੋਂ ਚੌਕੀਮਾਨ ਟੋਲ ਪਲਾਜ਼ਾ ਦੂਜੇ ਦਿਨ ਵੀ ਪਰਚੀ ਮੁਕਤ ਕੀਤਾ ਗਿਆ। ਇਸ ਸਮੇਂ ਹੋਈ ਰੈਲੀ ਨੂੰ ਦਸਮੇਸ਼ ਕਿਸਾਨ ਮਜ਼ਦੂਰ ਯੂਨੀਅਨ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ, ਜਮਹੂਰੀ ਕਿਸਾਨ ਸਭਾ, ਭਾਰਤੀ ਕਿਸਾਨ ਯੂਨੀਅਨ ਲੱਖੋਵਾਲ, ਆਲ ਇੰਡੀਆ ਕਿਸਾਨ ਸਭਾ (1936) ਦੇ ਵਰਕਰਾਂ ਨੇ ਵੱਡੀ ਗਿਣਤੀ 'ਚ ਇਕੱਤਰ ਹੋ ਮੋਦੀ ਸਰਕਾਰ ਤੇ ਹਰਿਆਣਾ ਦੀ ਖੱਟੜ ਸਰਕਾਰ ਖਿਲਾਫ਼ ਜ਼ੋਰਦਾਰ ਰੋਸ ਪ੍ਰਦਰਸ਼ਨ ਕਰਦਿਆਂ ਚਿਤਾਵਨੀ ਦਿੱਤੀ ਕਿ ਜੇਕਰ ਦਿੱਲੀ ਕੂਚ ਕਰਨ ਵਾਲੇ ਕਿਸਾਨਾਂ 'ਤੇ ਜਬਰ ਤਸ਼ੱਦਦ ਕੀਤਾ ਤਾਂ ਇਸ ਦੇ ਮਾੜੇ ਨਤੀਜੇ ਨਿਕਲਣਗੇ।

ਉਨ੍ਹਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਐਮ ਐਸ ਪੀ, ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਾਉਣ, ਮਜ਼ਦੂਰਾਂ ਕਿਸਾਨਾਂ ਦੇ ਸਮੁੱਚੇ ਕਰਜ਼ੇ ਰੱਦ ਕਰਾਉਣ ਲਈ ਅਪਣੇ ਤੌਰ 'ਤੇ ਸੰਘਰਸ਼ ਜਾਰੀ ਰੱਖ ਰਿਹਾ ਹੈ। ਸੰਘਰਸ਼ਸ਼ੀਲ ਕਿਸਾਨਾਂ ਖਿਲਾਫ ਲਾਏ ਬੈਰੀਕੇਡ ਤੇ ਰੋਕਾਂ ਹਟਾ ਕੇ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣਾ ਬੰਦ ਕੀਤਾ ਜਾਵੇ। ਦੇਸ਼ ਦਾ ਢਿੱਡ ਭਰਨ ਵਾਲੇ ਅੰਨਦਾਤਾ ਨਾਲ ਮੋਦੀ ਸਰਕਾਰ ਨੂੰ ਤਾਨਾਸ਼ਾਹ ਰਵੱਈਆ ਬਹੁਤ ਮਹਿੰਗਾ ਪਵੇਗਾ।

ਅਜੇ ਕੰਧਾਰੀ, ਭੀਮ ਠੁਕਰਾਲ ਸੋਸ਼ਲ ਮੀਡੀਆ ਦੇ ਬਲਾਕ ਪ੍ਰਧਾਨ ਨਿਯੁਕਤ

ਮੱਖੂ (ਰਛਪਾਲ ਸਿੰਘ ਸੰਧੂ): ਆਮ ਆਦਮੀ ਪਾਰਟੀ ਵੱਲੋਂ ਜਾਰੀ ਕੀਤੀ ਸੋਸਲ ਮੀਡੀਆ ਦੇ ਬਲਾਕ ਪ੍ਰਧਾਨਾਂ ਦੀ ਸੂਚੀ 'ਚ ਵਿਧਾਨ ਸਭਾ ਹਲਕਾ ਜੀਰਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਨਰੇਸ਼ ਕਟਾਰੀਆ ਅਤੇ ਸੀਨੀਅਰ ਯੂਥ ਆਗੂ ਸ਼ੰਕਰ ਕਟਾਰੀਆ ਦੀ ਸਿਫ਼ਾਰਸ਼ 'ਤੇ ਯੂਥ ਆਗੂ ਅਜੇ ਕੰਧਾਰੀ ਅਤੇ ਭੀਮ ਠੁਕਰਾਲ ਦਾ ਨਾਂਅ ਆਉਣ 'ਤੇ ਯੂਥ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। 'ਆਪ' ਆਗੂਆਂ ਵੱਲੋਂ ਯੂਥ ਆਗੂ ਅਜੇ ਕੰਧਾਰੀ ਅਤੇ ਭੀਮ ਠੁਕਰਾਲ ਦੇ ਸੋਸ਼ਲ ਮੀਡੀਆ ਦੇ ਬਲਾਕ ਪ੍ਰਧਾਨ ਬਣਨ 'ਤੇ ਉਨ੍ਹਾਂ ਦਾ ਲੱਡੂਆਂ ਦਾ ਮੂੰਹ ਮਿੱਠਾ ਕਰਾਇਆ ਅਤੇ ਵਧਾਈਆਂ ਦਿੱਤੀਆਂ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਡਾ. ਰਜੀਵ ਅਹੂਜਾ ਰਵੀ, ਯੂਥ ਆਗੂ ਪ੍ਰਸ਼ਾਂਤ ਕਟਾਰੀਆ ਤੇ ਬਲਾਕ ਪ੍ਰਧਾਨ ਸੌਰਵ ਅਹੂਜਾ ਨੇ ਅਜੇ ਕੰਧਾਰੀ ਅਤੇ ਭੀਮ ਠੁਕਰਾਲ ਨੂੰ ਸੋਸ਼ਲ ਮੀਡੀਆ ਦੇ ਬਲਾਕ ਪ੍ਰਧਾਨ ਬਣਾਉਣ 'ਤੇ ਆਮ ਆਦਮੀ ਪਾਰਟੀ ਦੀ ਸਮੁੱਚੀ ਟੀਮ ਅਤੇ ਖਾਸ ਕਰਕੇ ਵਿਧਾਇਕ ਨਰੇਸ਼ ਕਟਾਰੀਆ ਤੇ ਯੂਥ ਆਗੂ ਸ਼ੰਕਰ ਕਟਾਰੀਆ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜੇ ਕੰਧਾਰੀ ਅਤੇ ਭੀਮ ਠੁਕਰਾਲ, ਜੋ ਪਾਰਟੀ ਦੀ ਸੇਵਾ ਲਈ ਦਿਨ-ਰਾਤ ਮਿਹਨਤ ਕਰ ਰਹੇ ਹਨ।

ਇਸ ਮੌਕੇ ਨਵਨਿਯੁਕਤ ਸੋਸ਼ਲ ਮੀਡੀਆ ਦੇ ਬਲਾਕ ਪ੍ਰਧਾਨ ਅਜੇ ਕੰਧਾਰੀ ਤੇ ਭੀਮ ਠੁਕਰਾਲ ਨੇ ਕਿਹਾ ਕਿ ਵਿਧਾਇਕ ਨਰੇਸ਼ ਕਟਾਰੀਆ ਤੇ ਯੂਥ ਆਗੂ ਸ਼ੰਕਰ ਕਟਾਰੀਆ ਵੱਲੋਂ ਜੋ ਜ਼ਿੰਮੇਵਾਰੀ ਸੌਂਪੀ ਗਈ ਹੈ, ਉਸ ਨੂੰ ਤਹਿ ਦਿਲੋਂ ਨਿਭਾਈ ਜਾਵੇਗੀ ਅਤੇ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ 'ਚ ਪੁਚਾਇਆ ਜਾਵੇਗਾ।

ਵੋਟ ਦੇ ਸਹੀ ਇਸਤੇਮਾਲ ਬਾਰੇ ਮੋਬਾਈਲ ਵੈਨ ਜਾਗਰੂਕਤਾ ਮੁਹਿੰਮ

ਗੁਰੂਹਰਸਹਾਏ (ਫ਼ਕੀਰ ਚੰਦ ਸਿਕਰੀ) - ਗੁਰੂਹਰਸਹਾਏ ਦੇ ਸਰਹੱਦੀ ਖੇਤਰ 'ਚ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਫਿਰੋਜ਼ਪੁਰ ਰਾਜੇਸ਼ ਧੀਮਾਨ ਦੇ ਦਿਸ਼ਾ ਨਿਰਦੇਸ਼ਾਂ ਹੇਠ ਲੋਕ ਸਭਾ ਚੋਣਾਂ-2024 ਦੇ ਸਨਮੁੱਖ ਤਹਿਸੀਲ ਗੁਰੂਹਰਸਹਾਏ ਦੇ ਚੋਣਕਾਰ ਰਜਿਸਟ੍ਰੇਸ਼ਨ ਅਫਸਰ ਕਮ ਐੱਸ.ਡੀ.ਐੱਮ ਗਗਨਦੀਪ ਸਿੰਘ, ਇਲੈਕਸ਼ਨ ਤਹਿਸੀਲਦਾਰ, ਚਾਂਦ ਪ੍ਰਕਾਸ਼, ਇਲੈਕਸ਼ਨ ਕਾਨੂੰਗੋ ਮੈਡਮ ਗਗਨਦੀਪ, ਸੁਪਰਡੈਂਟ ਕੇਵਲ ਕ੍ਰਿਸ਼ਨ ਦੀ ਯੋਗ ਅਗਵਾਈ ਵਿੱਚ ਹਲਕਾ ਗੁਰੂਹਰਸਹਾਏ ਦੇ ਨੇੜਲੇ ਪ੍ਰਮੁੱਖ ਸਥਾਨਾਂ ਅਤੇ ਵਿੱਦਿਅਕ ਅਦਾਰਿਆਂ ਵਿੱਚ ਡਿਜੀਟਲ ਵੈਨ ਵੋਟਰ ਜਾਗਰੂਕਤਾ ਤੇ ਫੇਰੀ ਨਾਲ ਅਗਾਮੀ ਲੋਕ ਸਭਾ ਚੋਣਾਂ 2024 ਦੀਆਂ ਤਿਆਰੀਆਂ ਨੇ ਜ਼ੋਰ ਪਕੜ ਲਿਆ ਹੈ। ਇਸ ਸਬੰਧੀ ਸਵੀਪ ਕੋਆਰਡੀਨੇਟਰ ਪਰਵਿੰਦਰ ਸਿੰਘ ਲਾਲਚੀਆਂ ਨੇ ਦੱਸਿਆ ਕਿ ਡਿਜੀਟਲ ਵੈਨ ਦੀ ਤੀਸਰੀ ਫੇਰੀ ਦੁਆਰਾ ਸਰਹੱਦੀ ਪਿੰਡਾਂ ਅਤੇ ਅਹਿਮ ਸਥਾਨਾਂ 'ਤੇ ਪ੍ਰਸਾਰਤ ਫਿਲਮਾਂ ਰਾਹੀਂ ਯੋਗ ਵੋਟਰਾਂ ਦੀ ਰਜਿਸਟਰੇਸ਼ਨ, ਸੁਚੇਤ ਵੋਟਰਾਂ ਦੀ ਘਾੜਤ ਰਾਹੀਂ ਵੋਟ ਦੇ ਸਹੀ ਇਸਤੇਮਾਲ ਰਾਹੀਂ ਮਜ਼ਬੂਤ ਲੋਕਤੰਤਰ ਨੂੰ ਉਭਾਰਨ ਲਈ ਪ੍ਰੇਰਨਾ ਕੀਤੀ ਜਾ ਰਹੀ ਹੈ। ਵੱਧ ਤੋਂ ਵੱਧ ਯੋਗ ਵੋਟਰਾਂ ਨੂੰ ਪੰਜੀਕ੍ਰਿਤ ਕਰਕੇ ਨਿਰਪੱਖ ਉਮੀਦਵਾਰਾਂ ਦੀ ਚੋਣ ਲਈ ਵਿਸ਼ੇਸ਼ ਖਿੱਚ ਪੈਦਾ ਕਰਨ ਲਈ ਯਤਨ ਕੀਤੇ ਜਾ ਰਹੇ ਹਨ। ਐਸ ਡੀ ਐਮ ਗਗਨਦੀਪ ਸਿੰਘ ਨੇ ਸਮੂਹ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀ ਵੋਟ 'ਚ ਕਿਸੇ ਤਰ੍ਹਾਂ ਦੀ ਬੇਨਤੀ ਲਈ ਆਪਣੇ ਇਲਾਕੇ ਜਾਂ ਪਿੰਡ ਦੇ ਬੀ.ਐਲ.ਓ. ਨਾਲ ਸੰਪਰਕ ਕਰ ਸਕਦੇ ਹਨ। ਉਨ੍ਹਾ ਇਹ ਵੀ ਜਾਣਕਾਰੀ ਦਿੱਤੀ ਕਿ ਤਹਿਸੀਲ ਵਿੱਚ ਸਥਾਪਤ ਈ.ਵੀ.ਐਮ ਪ੍ਰਦਰਸ਼ਨੀ ਕੇਂਦਰ ਰਾਹੀਂ ਵੋਟਰਾਂ ਵਿੱਚ ਵੋਟਿੰਗ ਮਸ਼ੀਨਾਂ ਪ੍ਰਤੀ ਭਰਮ ਭੁਲੇਖੇ ਦੂਰ ਕੀਤੇ ਜਾ ਰਹੇ ਹਨ। ਇਸ ਮੌਕੇ ਬੀ ਐਲ ਓ ਸੰਜੀਵ, ਪ੍ਰੇਮ ਚੰਦ, ਅਸ਼ੋਕ ਕੁਮਾਰ, ਜਸਵੀਰ ਸਿੰਘ, ਹੁਸ਼ਿਆਰ ਸਿੰਘ, ਹਰਬੰਸ ਲਾਲ, ਸੁਰਿੰਦਰਪਾਲ ਬੀ ਪੀ ਓ, ਸਵੀਪ ਟੀਮ ਇੰਚਾਰਜ ਕਰਨਬੀਰ ਸਿੰਘ ਸੋਢੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਕੇਂਦਰ ਪਹਿਲ ਦੇ ਅਧਾਰ 'ਤੇ ਕਿਸਾਨਾਂ ਦੇ ਮਸਲੇ ਹੱਲ ਕਰੇ : ਪਰਮਿੰਦਰ ਢੀਂਡਸਾ

ਲੌਂਗੋਵਾਲ, (ਪ੍ਰਦੀਪ ਸਿੰਘ ਸੱਪਲ) - ਕੇਂਦਰ ਸਰਕਾਰ ਕਿਸਾਨਾਂ ਦੇ ਮਸਲਿਆਂ ਨੂੰ ਤੁਰੰਤ ਹੱਲ ਕਰਨ ਦੀ ਪਹਿਲ ਕਰੇ। ਇਹ ਪ੍ਰਗਟਾਵਾ ਸਾਬਕਾ ਖਜ਼ਾਨਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਅੱਜ ਇਥੇ ਡਾਕਟਰ ਨਰਿੰਦਰ ਸਿੰਘ ਦੁੱਲਟ ਦੇ ਘਰ ਗੱਲਬਾਤ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਕਿਸਾਨ ਜਥੇਬੰਦੀਆਂ ਵੀ ਇਕ ਮੰਚ 'ਤੇ ਇੱਕਠੀਆਂ ਹੋਣ। ਉਨ੍ਹਾ ਕਿਹਾ ਕਿ ਕਿਸਾਨੀ ਮੰਗਾਂ ਦਾ ਮਸਲਾ ਬੇਹੱਦ ਗੰਭੀਰ ਮਸਲਾ ਹੈ, ਇਸ ਲਈ ਕੇਂਦਰ ਨੂੰ ਮਿਲ ਬੈਠ ਕੇ ਇਸ ਦਾ ਹੱਲ ਕਰਨਾ ਚਾਹੀਦਾ ਹੈ। ਪਿਛਲੇ ਸਮੇਂ ਦੌਰਾਨ ਲੰਮਾ ਸਮਾਂ ਚੱਲੇ ਸੰਘਰਸ਼ ਤੋਂ ਬਾਅਦ ਭਾਵੇਂ ਕੇਂਦਰ ਸਰਕਾਰ ਨੇ ਤਿੰਨੇ ਕਾਲੇ ਕਾਨੂੰਨ ਤਾਂ ਰੱਦ ਕਰ ਦਿੱਤੇ ਸਨ ਪ੍ਰੰਤੂ ਐਮ. ਐੱਸ. ਪੀ. ਸਮੇਤ ਬਾਕੀ ਦੀਆਂ ਅਹਿਮ ਮੰਗਾਂ ਹਾਲੇ ਵੀ ਲਟਕ ਰਹੀਆਂ ਹਨ। ਇਸ ਲਈ ਦੇਸ਼ ਦੇ ਅੰਨਦਾਤੇ ਦੀ ਮੌਜੂਦਾ ਸਥਿਤੀ ਨੂੰ ਸਮਝ ਕੇ ਕੇਂਦਰ ਸਰਕਾਰ ਤੁਰੰਤ ਸਾਰੀਆਂ ਮੰਗਾਂ ਮੰਨੇ। ਢੀਂਡਸਾ ਨੇ ਸਮੁੱਚੀਆਂ ਕਿਸਾਨ ਜਥੇਬੰਦੀਆਂ ਨੂੰ ਇਕ ਮੰਚ 'ਤੇ ਇਕੱਠੇ ਹੋਣ ਦੀ ਅਪੀਲ ਕਰਦਿਆਂ ਕਿਹਾ ਕਿ ਕੇਂਦਰ ਉਤੇ ਜ਼ਿਆਦਾ ਦਬਾਅ ਬਣਾਉਣ ਲਈ ਕਿਸਾਨ ਜਥੇਬੰਦੀਆਂ ਦਾ ਇਕੱਠੀਆਂ ਹੋਣਾ ਬਹੁਤ ਜ਼ਰੂਰੀ ਹੈ। ਇਕ ਸਵਾਲ ਦੇ ਜਵਾਬ ਵਿੱਚ ਉਨ੍ਹਾ ਦੱਸਿਆ ਕੀ ਅਕਾਲੀ ਦਲਾਂ ਦੀ ਏਕਤਾ ਲਈ ਜੋ ਸੰਯੁਕਤ ਅਕਾਲੀ ਦਲ ਨੇ ਕਮੇਟੀ ਬਣਾਈ ਸੀ ਉਸ ਦੀ ਰਿਪੋਰਟ ਆ ਚੁੱਕੀ ਹੈ, ਜਲਦ ਹੀ ਪਾਰਟੀ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਵਲੋਂ ਇਸ ਮੁੱਦੇ 'ਤੇ ਫੈਸਲਾ ਲੈ ਲਿਆ ਜਾਵੇਗਾ। ਇਸ ਮੌਕੇ ਅਮਨਬੀਰ ਸਿੰਘ ਚੈਰੀ, ਅਕਾਲ ਕਾਲਜ ਕੌਂਸਲ ਦੇ ਸਕੱਤਰ ਜਸਵੰਤ ਸਿੰਘ ਖਹਿਰਾ, ਜ਼ਿਲ

page-6-22-February.-2024.qxd 2/21/2024 10:50 PM Page 1

ਭਾਸ਼ਾ ਵਿਭਾਗ ਵੱਲੋਂ ਕੌਮਾਂਤਰੀ ਮਾਂ-ਬੋਲੀ ਦਿਹਾੜੇ ਨੂੰ ਸਮਰਪਤ ਸਮਾਗਮ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)- ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਕੌਮਾਂਤਰੀ ਮਾਤ ਭਾਸ਼ਾ ਦਿਹਾੜੇ ਦੇ ਮੌਕੇ 'ਤੇ ਅਹਿਦ ਸਮਾਗਮ ਅਤੇ ਵਿਚਾਰ ਚਰਚਾ ਆਯੋਜਿਤ ਕੀਤੀ ਗਈ। ਇਸ ਸਮਾਗਮ ਦੇ ਮੁੱਖ ਮਹਿਮਾਨ ਐੱਸ.ਕੇ.ਅਗਰਵਾਲ (ਪ੍ਰਧਾਨ, ਜ਼ਿਲ੍ਹਾ ਖਪਤਕਾਰ ਕਮਿਸ਼ਨ, ਐੱਸ.ਏ.ਐੱਸ.ਨਗਰ) ਸਨ। ਸਮਾਗਮ ਦੀ ਪ੍ਰਧਾਨਗੀ ਪ੍ਰੋ. ਸਰਬਜੀਤ ਸਿੰਘ ਵੱਲੋਂ ਕੀਤੀ ਗਈ ਅਤੇ ਮੁੱਖ ਬੁਲਾਰੇ ਵਜੋਂ ਡਾ. ਹਰਜੀਤ ਸਿੰਘ (ਡੀ.ਏ.ਵੀ. ਕਾਲਜ, ਸੈਕਟਰ-10, ਚੰਡੀਗੜ੍ਹ) ਅਤੇ ਸ. ਜਗਤਾਰ ਸਿੰਘ ਸੋਖੀ (ਉੱਘੇ ਅੱਖਰਕਾਰ) ਸ਼ਾਮਿਲ ਹੋਏ। ਸਮਾਗਮ ਦੇ ਆਰੰਭ ਵਿੱਚ ਡਾ. ਦਵਿੰਦਰ ਸਿੰਘ ਬੋਹਾ ਵੱਲੋਂ ਸਮੂਹ ਪ੍ਰਧਾਨਗੀ ਮੰਡਲ, ਸਾਹਿਤਕਾਰਾਂ ਅਤੇ ਪਤਵੰਤੇ ਸੱਜਣਾਂ ਨੂੰ 'ਜੀ ਆਇਆਂ ਨੂੰ' ਕਹਿੰਦਿਆਂ ਇਸ ਮੁਕੱਦਸ ਦਿਹਾੜੇ 'ਤੇ ਪੰਜਾਬੀ ਭਾਸ਼ਾ ਦੀ ਸਥਿਤੀ, ਚੁਣੌਤੀਆਂ ਦੇ ਪਰਿਪੇਖ 'ਚ ਗੱਲ ਕਰਦਿਆਂ ਸਮੁੱਚੇ ਪ੍ਰੋਗਰਾਮ ਦੀ ਰੂਪ-ਰੇਖਾ ਸਾਂਝੀ ਕੀਤੀ ਗਈ। ਸਮਾਗਮ ਦੀ ਸ਼ੁਰੂਆਤ ਸਭ ਹਾਜ਼ਰੀਨ ਸ਼ਖਸੀਅਤਾਂ ਵੱਲੋਂ ਪੰਜਾਬੀ ਮਾਂ-ਬੋਲੀ ਲਈ ਅਹਿਦ ਲੈ ਕੇ ਕੀਤੀ ਗਈ। ਇਸ ਉਪਰੰਤ ਡਾ. ਦਵਿੰਦਰ ਸਿੰਘ ਬੋਹਾ ਵੱਲੋਂ ਲਿਖੀ ਗਈ ਪੁਸਤਕ 'ਪਾਣੀਆਂ ਦੀ ਧਰਤੀ: ਕੈਨੇਡਾ' ਨੂੰ ਸਮੂਹ ਪ੍ਰਧਾਨਗੀ ਮੰਡਲ ਵੱਲੋਂ ਲੋਕ ਅਰਪਣ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਕਰ ਰਹੇ ਪ੍ਰੋ. ਸਰਬਜੀਤ ਸਿੰਘ ਵੱਲੋਂ ਮਾਤ ਭਾਸ਼ਾ ਦਿਹਾੜੇ ਦੀ ਵਧਾਈ ਦਿੰਦਿਆਂ ਆਖਿਆ ਕਿ ਭਾਸ਼ਾ ਪ੍ਰਤੀ ਚੇਤਨਾ ਦਾ ਮਸਲਾ ਬੁਨਿਆਦੀ ਮਸਲਾ ਹੈ। ਉਹਨਾਂ ਇਹ ਵੀ ਆਖਿਆ ਕਿ ਜਦੋਂ ਤੱਕ ਕੋਈ ਵੀ ਭਾਸ਼ਾ ਗਿਆਨ, ਵਿਗਿਆਨ, ਸਿੱਖਿਆ ਤੇ ਰੁਜ਼ਗਾਰ ਦੀ ਭਾਸ਼ਾ ਨਹੀਂ ਬਣਦੀ ਉਸਦਾ ਜਿਊਂਦਾ ਰਹਿਣਾ ਸੰਭਵ ਨਹੀਂ ਹੈ। ਐੱਸ.ਕੇ.ਅਗਰਵਾਲ (ਸਾਬਕਾ ਜੱਜ) ਵੱਲੋਂ ਰਾਜ ਭਾਸ਼ਾ ਐਕਟ 'ਤੇ ਗੱਲ ਕਰਦਿਆਂ ਕਿਹਾ ਗਿਆ ਕਿ ਮੈਂ ਆਪਣੀ ਜ਼ਿੰਦਗੀ ਵਿੱਚ ਆਪਣੀ ਮਾਤ-ਭਾਸ਼ਾ ਪੰਜਾਬੀ ਨੂੰ ਪਹਿਲ ਦਿੰਦਿਆਂ ਬਹੁਤ ਕੁਝ ਹਾਸਿਲ ਕੀਤਾ ਹੈ। ਉਹਨਾਂ ਸਵਾਮੀ ਵਿਵੇਕਾਨੰਦ ਦੀ ਉਦਾਹਰਣ ਦਿੰਦਿਆਂ ਆਖਿਆ ਕਿ ਸਾਨੂੰ ਸਭ ਨੂੰ ਆਪਣੀ ਮਾਤ-ਭਾਸ਼ਾ ਦੇ ਨਾਲ-ਨਾਲ ਦੂਜਿਆਂ ਦੀ ਮਾਤ-ਭਾਸ਼ਾ ਨੂੰ ਵੀ ਸਤਿਕਾਰ ਦੇਣਾ ਚਾਹੀਦਾ ਹੈ। ਡਾ. ਹਰਜੀਤ ਸਿੰਘ ਵੱਲੋਂ 'ਪੰਜਾਬੀ ਭਾਸ਼ਾ ਅਤੇ ਮਸ਼ੀਨੀ ਬੁੱਧੀਮਾਨਤਾ 'ਤੇ ਗੱਲ ਕਰਦਿਆਂ ਆਖਿਆ ਕਿ ਮਸਨੂਈ ਬੁੱਧੀ ਕਿਵੇਂ ਸਾਡੀ ਆਉਣ ਵਾਲੀ ਜ਼ਿੰਦਗੀ ਵਿੱਚ ਜ਼ਰੂਰੀ ਹਿੱਸਾ ਬਣ ਜਾਵੇਗੀ ਅਤੇ ਸਮੇਂ ਦੇ ਹਾਣ ਦਾ ਬਣਨ ਲਈ ਸਾਨੂੰ ਮਸ਼ੀਨੀ ਬੁੱਧੀਮਾਨਤਾ ਦੇ ਮੰਚ ਤੇ ਪੰਜਾਬੀ ਭਾਸ਼ਾ ਲਈ ਸੁਹਿਰਦ ਹੋ ਕੇ ਯਤਨ ਕਰਨ ਦੀ ਲੋੜ ਹੈ। ਜਗਤਾਰ ਸਿੰਘ ਸੋਖੀ ਵੱਲੋਂ ਪੰਜਾਬੀ ਅੱਖਰਕਾਰੀ ਅਤੇ ਸੁੰਦਰ ਲਿਖਾਈ ਵਿਚ ਫ਼ਰਕ ਕਰਦੇ ਹੋਏ ਕਿਹਾ ਕਿ ਜਦੋਂ ਕਿਸੇ ਅੱਖਰਕਾਰ ਕਿਸੇ ਅੱਖਰ ਨੂੰ ਆਪਣੀ ਕਲਾਕਾਰੀ ਵਿਚ ਢਾਲਦਾ ਹੈ ਤਾਂ ਉਹ ਅੱਖਰਕਾਰੀ ਬਣਦੀ ਹੈ। ਉਨ੍ਹਾਂ ਨੇ ਪੰਜਾਬੀ ਅੱਖਰਕਾਰੀ ਦੇ ਇਤਿਹਾਸ, ਪੁੱਢਲੇ ਨੁਕਤਿਆਂ ਅਤੇ ਭਵਿੱਖੀ ਸੰਭਾਵਨਾਵਾਂ ਬਾਰੇ ਅਹਿਮ ਜਾਣਕਾਰੀ ਸਾਂਝੀ ਕੀਤੀ। ਸਮੂਹ ਬੁਲਾਰਿਆਂ ਵੱਲੋਂ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀ ਕਾਰਜ ਸ਼ੈਲੀ ਅਤੇ ਸੁਹਜਮਈ ਦਿੱਖ ਦੀ ਸ਼ਲਾਘਾ ਕਰਦਿਆਂ ਸਮੁੱਚੀ ਟੀਮ ਨੂੰ ਵਧਾਈ ਦਿੱਤੀ ਗਈ। ਇਸ ਵਿਚਾਰ ਚਰਚਾ ਵਿੱਚ ਰਾਜੇਸ਼ ਗਰਗ, ਪਰਵਿੰਦਰ ਸਿੰਘ, ਧਿਆਨ ਸਿੰਘ ਕਾਹਲੋਂ, ਬੁਧ ਰਾਮ ਗਰਗ, ਦਲਜੀਤ ਸਿੰਘ ਭੰਗੂ, ਭਗਤ ਰਾਮ ਰੰਗਾੜਾ, ਨੀਲਮ ਨਾਰੰਗ ਆਦਿ ਵੱਲੋਂ ਵੀ ਸ਼ਿਰਕਤ ਕੀਤੀ ਗਈ। ਸਮਾਗਮ ਦੇ ਅੰਤ ਵਿੱਚ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਦਵਿੰਦਰ ਸਿੰਘ ਬੋਹਾ ਵੱਲੋਂ ਨੂੰ ਸਮੂਹ ਪ੍ਰਧਾਨਗੀ ਮੰਡਲ ਅਤੇ ਬੁਲਾਰਿਆਂ ਨੂੰ ਸਨਮਾਨ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ ਅਤੇ ਇਸ ਸਮਾਗਮ ਵਿੱਚ ਪਹੁੰਚੇ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ ਗਿਆ। ਮੰਚ ਸੰਚਾਲਨ ਡਾ. ਦਰਸ਼ਨ ਕੌਰ ਵੱਲੋਂ ਕੀਤਾ ਗਿਆ। ਇਸ ਮੌਕੇ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ ਮੋਹਾਲੀ ਵੱਲੋਂ ਪੁਸਤਕ ਪ੍ਰਦਰਸ਼ਨੀ ਵੀ ਲਗਾਈ ਗਈ।

ਨਿਲਾਮੀ ਨੋਟਿਸ

ਗ੍ਰਾਮ ਪੰਚਾਇਤ ਪਿੰਡ ਜਹਾਂਗੀਰ, ਬਲਾਕ ਨਕੋਦਰ, ਜ਼ਿਲ੍ਹਾ ਜਲੰਧਰ ਵੱਲੋਂ ਸੂਚਨਾ ਜਾਰੀ ਕੀਤੀ ਜਾਂਦੀ ਹੈ ਕਿ ਪਿੰਡ ਦੀ ਪੰਚਾਇਤੀ ਗਰਾਊਂਡ ਦੇ ਵਿਚ ਲੱਗੇ 24 ਦਰੱਖਤਾਂ ਦੀ ਕਟਾਈ ਕੀਤੀ ਜਾਣੀ ਹੈ। ਜਿਸ ਦੀ ਨਿਲਾਮੀ 27 ਫਰਵਰੀ, 2024 ਨੂੰ ਸਵੇਰੇ 11 ਵਜੇ ਕੀਤੀ ਜਾਵੇਗੀ। ਬੋਲੀ ਵਿਚ ਹਿੱਸਾ ਲੈਣ ਦੇ ਚਾਹਵਾਨ ਸੰਪਰਕ ਕਰ ਸਕਦੇ ਹਨ।

ਸੰਪਰਕ : 98151-81313.

COURT NOTICE

High Court of Punjab And Haryana At Chandigarh
CM-22828-CII-2023 in FAO-1149-1995
Date of Hearing :- 20-03-2024 (A)
United India Insurance Co.
.....Appellants
Vs.
Mohan Singh Thr LRS.
.....Respondents
Appeal u/s 173 of Motor Vehicles Act 1988.
Notice to :
2. Bhupinder Singh S/o Balwant Singh R/o Village Badha, Tehsil Nabha, District Patiala.
In above titled appeal, the Respondents (s)/defendants (s) could not be served in ordinary process. It is ordered that the respondent (s)/defendant (s) should appear in person or through counsel on 20.03.2024 (A)
For details logon to www.highcourtchd.gov.in

COURT NOTICE

(U/o 5 Rule 20 CPC)
(Under Guardian and Ward Act)
In the Court of Dr. Gagandeep Kaur Additional Civil Judge (Senior Division), Jalandhar
CNR No. PBJL02-000343-2024
Next Date :- 07-03-2024
Jyoti Chadha
Vs.
General Public
Petition Under Section 8 of Hindu Minority and Guardianship Act for Appointment of Petitioner as Guardian of Child
Notice To :
General Public :-
General Public
In above titled case, the defendant (s)/respondent (s) could not be served. It is ordered that defendant (s)/ respondent (s) should appear in person or through counsel on 07.03.2024 at 10:00 A.M.
For details logon to https://highcourtchd.gov.in/?trs=district_notice&district= Jalandhar
Additional Civil Judge (Senior Division), Jalandhar
Dated this day of 20-02-2024

COURT NOTICE

(U/o 5 Rule 20 CPC)
(Succession Case)
In the Court of Sh. Harvinder Singh Sindhia Civil Judge (Senior Division),Sangrur
CNR No. PBSG02-001365-2023
Next Date :- 03-04-2024
Kiranjit Kaur
Vs.
General Public
Notice to :
General Public
In above titled case, the defendant (s)/respondent (s) could not be served. It is ordered that defendant (s)/ respondent (s) should appear in person or through counsel on 03.04.2024 at 10:00 A.M.
For details logon to https://highcourtchd.gov.in/?trs=district notice&district= Sangrur
Civil Judge Senior Division Sangrur
Dated this day of 19-02-2024

COURT NOTICE

In the Court of MS. Divya Sharma Judicial Magistrate-1st Class Ludhiana
CNR No. PBLD03-021578/2021
Peshi: 22-04-2024
Next date,Purpose of case,orders and Judgments as well as other case information is available on http://ecourts.gov.in
Jatinder Kumar V/s Anika Saini
Publication Issued to:
Sh. Anika Saini S/o Rakesh Saini R/o H. NO. 96, Street No. 2, New Karmsar Colony,Tibba Road, Basti Jodhewal, Ludhiana.
Whereas it has been proved to the satisfaction of the court that you, the above named accused/ accused person can't be served in the ordinary way of service. Hence this proclamation under 82 of Code of criminal procedure is hereby issued against you with a direction that you should appear personally before this court on 22.04.2024 at 10.00 AM. or within 30 days from the date of publication of this proclamation.
Take notice that, in case of default on your part to appear as directed above the above said case will be heard and determined as per Law, in your absence.
Given under my hand and the seal of the court.
For details logon to https://highcourtchd.gov.in/?trs=district_notice&district= Ludhiana
Judicial Magistrate-1st Class Ludhiana

ਦੀ ਅਜਨਾਲਾ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮਟਿਡ ਅਜਨਾਲਾ

ਨੋਟਿਸ ਆਮ ਇਜਲਾਸ

ਦੀ ਅਜਨਾਲਾ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮਟਿਡ ਅਜਨਾਲਾ ਦੇ ਸਮੂਹ "ਏ" ਕਲਾਸ ਮੈਂਬਰਾਂ ਨੂੰ ਇਸ ਨੋਟਿਸ ਰਾਹੀ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਬੈਂਕ ਦੇ "ਏ" ਕਲਾਸ ਮੈਂਬਰਾਂ ਦਾ ਆਮ ਇਜਲਾਸ (ਜਨਰਲ ਬਾਡੀ ਦੀ ਮੀਟਿੰਗ) ਮਿਤੀ 16.03.2024 ਦਿਨ ਸ਼ਨੀਵਾਰ ਨੂੰ ਸਵੇਰੇ 11:00 ਵਜੇ ਪੀ.ਏ.ਡੀ.ਬੀ. ਅਜਨਾਲਾ ਵਿਖੇ ਹੋਵੇਗਾ । ਜਿਸ ਵਿੱਚ ਹੇਠ ਲਿਖੇ ਏਜੰਡਿਆਂ ਤੇ ਵਿਚਾਰ ਕੀਤਾ ਜਾਵੇਗਾ । ਆਪ ਜੀ ਨੂੰ ਸਮੇਂ ਸਿਰ ਪਹੁੰਚਣ ਦੀ ਕਿਰਪਾਲਤਾ ਕੀਤੀ ਜਾਂਦੀ ਹੈ ।

ਏਜੰਡਾ ਹੇਠ ਲਿਖੇ ਅਨੁਸਾਰ ਹੈ :-

1. ਪਿਛਲੀ ਆਮ ਇਜਲਾਸ ਦੀ ਕਾਰਵਾਈ ਦੀ ਪੁਸ਼ਟੀ ਕਰਨ ਤੇ ਵਿਚਾਰ ।
2. ਮਾਣਯੋਗ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ ਅਤੇ ਮੁੱਖ ਦਫਤਰ ਚੰਡੀਗੜ੍ਹ ਵੱਲੋਂ ਬੈਂਕ ਦੇ ਬਾਈਲਾਜ਼ ਵਿੱਚ ਸਮੇਂ-ਸਮੇਂ ਕੀਤੀਆਂ ਸੋਧਾਂ, ਤਬਦੀਲੀਆਂ ਅਤੇ ਅਡੀਸ਼ਨਾਂ ਅਤੇ ਨਿਰਦੇਸ਼ਾਂ ਨੂੰ ਅਪਣਾਉਣ ਤੇ ਵਿਚਾਰ ।
3. ਬੈਂਕ ਦੇ ਵਿੱਤੀ ਸਾਲ 2022-23 ਦੀ ਸਾਲਾਨਾ ਰਿਪੋਰਟਾਂ, ਆਡਿਟ ਰਿਪੋਰਟਾਂ, ਇੰਸਪੈਕਸ਼ਨ ਨੋਟ, ਸਮੇਤ ਬੈਲੰਸ ਸ਼ੀਟ ਅਤੇ ਲਾਭ ਹਾਨੀ ਚਿੱਠਾ ਜੋ ਸਟੈਚੂਟਰੀ ਆਡੀਟਰ ਵੱਲੋਂ ਤਸਦੀਕ ਕੀਤਾ ਗਿਆ ਹੈ, ਨੂੰ ਵਾਚਣ ਅਤੇ ਪ੍ਰਵਾਨ ਕਰਨ ਤੇ ਵਿਚਾਰ ।
4. ਬੈਂਕ ਦੇ ਸਾਲ 2022-23 ਤੱਕ ਲਾਭ/ਹਾਨੀ ਆਦਿ ਐਲੋਕੇਟ ਕਰਨ ਤੇ ਵਿਚਾਰ ।
5. ਬੈਂਕ ਦੇ ਸਾਲ 2022-23 ਦੌਰਾਨ ਹੋਏ ਆਮਦਨ, ਖਰਚਿਆਂ ਅਤੇ ਕੇਸਾਂ ਨੂੰ ਪ੍ਰਵਾਨ ਕਰਨ ਤੇ ਵਿਚਾਰ ।
6. ਐਸ.ਏ.ਡੀ.ਬੀ. ਚੰਡੀਗੜ੍ਹ ਦੀਆਂ ਹਦਾਇਤਾਂ ਨੂੰ ਮੁੱਖ ਰੱਖਦੇ ਹੋਏ ਇਸ ਬੈਂਕ ਦਾ ਅਗਲੇ ਤਿੰਨ ਸਾਲ 2023-24, 2024-25 ਅਤੇ 2025-26 ਲਈ ਆਡਿਟ ਕਰਵਾਉਣ ਲਈ ਚਾਰਟੇਡ ਅਕਾਊਂਟੈਂਟ ਨਿਯੁਕਤ ਕਰਨ ਤੇ ਵਿਚਾਰ ।
7. ਪਿਛਲੇ ਆਮ ਇਜਲਾਸ ਤੋਂ ਲੈ ਕੇ ਤਾ ਤਾਰੀਖ ਤੱਕ ਪ੍ਰਬੰਧਕੀ ਕਮੇਟੀ ਵੱਲੋਂ ਪਾਸ ਕੀਤੇ ਗਏ ਮਤਿਆਂ ਦੀ ਪ੍ਰਵਾਨਗੀ ਅਤੇ ਪੁਸ਼ਟੀ ਕਰਨ ਤੇ ਵਿਚਾਰ ।
8. ਬੈਂਕ ਦੇ ਆਮ ਇਜਲਾਸ ਤੇ ਹੋਏ ਖਰਚਿਆਂ ਦੀ ਪ੍ਰਵਾਨਗੀ ਤੇ ਵਿਚਾਰ ।

ਨੋਟ : 1. ਜੇਕਰ ਕਿਸੇ ਕਾਰਨ ਆਮ ਇਜਲਾਸ ਦਾ ਕੋਰਮ ਸਵੇਰੇ 11.00 ਵਜੇ ਤੱਕ ਪੂਰਾ ਨਹੀਂ ਹੁੰਦਾ ਤਾਂ ਉਸੇ ਦਿਨ ਬਾਅਦ ਦੁਪਹਿਰ 3.00 ਵਜੇ ਆਮ ਇਜਲਾਸ ਦੁਬਾਰਾ ਕੀਤਾ ਜਾਵੇਗਾ ।
2. ਜੇਕਰ ਕਿਸੇ ਵੀ ਮੈਂਬਰ ਨੇ ਬੈਂਕ ਬਾਰੇ ਜਾਣਕਾਰੀ ਲੈਣੀ ਹੋਵੇ ਤਾਂ ਆਮ ਇਜਲਾਸ ਤੋਂ ਤਿੰਨ ਦਿਨ ਪਹਿਲਾਂ ਕਿਸੇ ਵੀ ਕਾਮ ਕਾਜ ਵਾਲੇ ਦਿਨ ਲਿਖਤੀ ਰੂਪ ਵਿੱਚ ਬੈਂਕ ਤੋਂ ਲੈ ਸਕਦਾ ਹੈ ।

ਮੈਨੇਜਰ ਪੀ.ਏ.ਡੀ.ਬੀ ਅਜਨਾਲਾ

ਦਫ਼ਤਰ ਨਗਰ ਸੁਧਾਰ ਟਰੱਸਟ ਬਰਨਾਲਾ

ਪਬਲਿਕ ਨੋਟਿਸ

ਹਰ ਆਮ ਵਾ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪਲਾਟ ਨੰ: 25, ਵਾਕਿਆ ਮਹਾਰਾਜਾ ਅਗਰਸੈਨ ਇਨਕਲੇਵ ਸਕੀਮ ਦੇ ਟਰੱਸਟ ਰਿਕਾਰਡ ਵਿਚ 1/10 ਹਿੱਸੇ ਦੇ ਮਾਲਕ ਸ੍ਰੀ ਸੱਤਪਾਲ ਪੁੱਤਰ ਸ੍ਰੀ ਦੇਸ ਰਾਜ ਵਾਸੀ ਬਰਨਾਲਾ ਦੀ ਮੌਤ ਮਿਤੀ : 27.09.2022 ਨੂੰ ਹੋ ਗਈ ਹੈ, ਬਾਰੇ ਦੱਸ ਕੇ ਸੱਤਪਾਲ ਦੇ ਵਾਰਸਾਂ ਸ੍ਰੀਮਤੀ ਵਿਜੈ ਰਾਣੀ, ਸ੍ਰੀ ਸਾਹਿਲ ਮਿੱਤਲ ਅਤੇ ਮਹਿਕ ਨੇ ਦਰਖਾਸਤ ਨਾਲ ਤਹਿਸੀਲਦਾਰ ਬਰਨਾਲਾ ਤੋਂ ਜਾਰੀ ਕੁਦਰਤੀ ਵਾਰਸਾਂ ਸਬੰਧੀ ਪੱਤਰ ਨੰ: SPL 01/MC ਮਿਤੀ : 18.01.2024 ਅਤੇ ਹੋਰ ਦਸਤਾਵੇਜ਼ ਲਗਾ ਕੇ ਉਨ੍ਹਾਂ ਦੇ ਹਿੱਸੇ ਦੀ ਮਾਲਕੀ ਟਰੱਸਟ ਰਿਕਾਰਡ ਵਿਚ ਆਪਣੇ ਨਾਂਅ ਦਰਜ ਕਰਨ ਦੀ ਬੇਨਤੀ ਕੀਤੀ ਹੈ। ਤਹਿਸੀਲਦਾਰ ਬਰਨਾਲਾ ਦੇ ਦਫ਼ਤਰ ਤੋਂ ਜਾਰੀ ਪੱਤਰ ਵਿਚ ਸੱਤਪਾਲ ਦੀ ਮੌਤ ਉਪਰੰਤ ਨਿਮਨ ਅਨੁਸਾਰ ਉਨ੍ਹਾਂ ਦੇ ਕੁਦਰਤੀ ਵਾਰਸ ਘੋਸ਼ਿਤ ਕੀਤੇ ਹਨ :-

ਲੜੀ ਨੰ:	ਵਾਰਸ ਦਾ ਨਾਂਅ	ਮ੍ਰਿਤਕ ਨਾਲ ਰਿਸ਼ਤਾ
1.	ਵਿਜੈ ਰਾਣੀ	ਪਤਨੀ
2.	ਸਾਹਿਲ ਮਿੱਤਲ	ਪੁੱਤਰ
3.	ਮਹਿਕ	ਪੁੱਤਰੀ

ਹੁਣ ਦਫ਼ਤਰ ਵਲੋਂ ਪੇਸ਼ ਕੀਤੇ ਦਸਤਾਵੇਜ਼ਾਂ ਦੇ ਆਧਾਰ 'ਤੇ ਸੱਤਪਾਲ ਦੀ 1/10 ਹਿੱਸੇ ਦੀ ਮਾਲਕੀ ਟਰੱਸਟ ਰਿਕਾਰਡ ਵਿਚ ਸ੍ਰੀਮਤੀ ਵਿਜੈ ਰਾਣੀ (ਪਤਨੀ) ਸ੍ਰੀ ਸਾਹਿਲ ਮਿੱਤਲ (ਪੁੱਤਰ) ਅਤੇ ਮਹਿਕ (ਪੁੱਤਰੀ) ਵਾਸੀ ਕੋਠੀ ਨੰ: 65, ਵਾਕਿਆ 22 ਏਕੜ ਸਕੀਮ ਬਰਨਾਲਾ ਦੇ ਨਾਂਅ ਦਰਜ ਕੀਤੀ ਜਾਣੀ ਹੈ। ਅਗਰ ਉਕਤ ਅਨੁਸਾਰ ਇਦਰਾਜ਼ ਮਾਲਕੀ ਉਕਤ ਵਾਰਸਾਂ ਦੇ ਨਾਂਅ ਟਰੱਸਟ ਰਿਕਾਰਡ ਵਿਚ ਦਰਜ ਹੋਣ ਸਬੰਧੀ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਸਬੂਤਾਂ ਸਹਿਤ ਲਿਖਤੀ ਇਤਰਾਜ਼ ਇਸ਼ਤਿਹਾਰ ਪ੍ਰਕਾਸ਼ਿਤ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਨਿਮਨਹਸਤਾਖਰ ਪਾਸ ਪੇਸ਼ ਕੀਤਾ ਜਾਵੇ। ਬਾਅਦ ਗੁਜ਼ਰਨੇ ਮਿਆਦ ਕੋਈ ਇਤਰਾਜ਼ ਨਹੀਂ ਸੁਣਿਆ ਜਾਵੇਗਾ ਅਤੇ ਇਦਰਾਜ਼ ਮਾਲਕੀ ਦਰਜ ਕਰਨ ਸਬੰਧੀ ਅਗਲੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

ਸਹੀ/- ਕਾਰਜ ਸਾਧਕ ਅਫਸਰ, ਨਗਰ ਸੁਧਾਰ ਟਰੱਸਟ ਬਰਨਾਲਾ

ਪੰਜਾਬ ਮੰਡੀ ਬੋਰਡ

ਸ਼ਾਰਟ ਟਰਮ ਈ-ਟੈਂਡਰਿੰਗ ਨੋਟਿਸ ਨੰ: 08 ਮਿਤੀ 21.02.2024

ਦਫ਼ਤਰ ਕਾਰਜਕਾਰੀ ਇੰਜੀਨੀਅਰ (ਸ) ਪੰਜਾਬ ਮੰਡੀ ਬੋਰਡ ਤਰਨ ਤਾਰਨ ਵੱਲੋਂ ਰੱਤਾ ਗੁੱਦਾ, ਮੰਡੀ ਕੈਰੋਂ ਅਤੇ ਮੰਡੀ ਸਰਹਾਲੀ ਵਿਖੇ 75x150 ਸਾਈਜ਼ ਸਟੀਲ ਸ਼ੈੱਡ ਦੀ ਉਸਾਰੀ, ਮੰਡੀ ਖਾਲੜਾ ਅਤੇ ਦਿਆਲਪੁਰਾ ਦੀਆਂ ਅੰਦਰੂਨੀ ਲਿੰਕ ਸੜਕਾਂ ਦੀ ਨਵੀਂ ਉਸਾਰੀ/ਰਿਪੇਅਰ ਅਤੇ ਮੰਡੀ ਖਾਲੜਾ, ਮਾੜੀ ਮੇਘਾ ਅਤੇ ਅਲਗੋਂ ਕਲਾਂ ਦੀਆਂ ਪਾਰਕਿੰਗ/ਆਕਸ਼ਨ ਪਲੇਟਫਾਰਮ ਉੱਪਰ ਇੱਟਾਂ ਦਾ ਖੜਵੰਜਾ ਆਦਿ ਲਗਾਉਣ ਦੇ ਕੰਮਾਂ ਲਈ ਪੰਜਾਬ ਮੰਡੀ ਬੋਰਡ ਪਾਸੋਂ ਪ੍ਰਵਾਨਿਤ ਰਜਿਸਟਰਡ ਯੋਗ ਠੇਕੇਦਾਰਾਂ/ਫਰਮਾਂ/ ਸਹਿਕਾਰੀ ਸਭਾਵਾਂ ਪਾਸੋਂ ਪ੍ਰਤੀਸ਼ਤ ਦਰ ਉੱਤੇ ਈ-ਟੈਂਡਰਿੰਗ ਸਾਈਟ http://eproc.punjab.gov.in ਰਾਹੀਂ ਟੈਂਡਰ ਦੀ ਮੰਗ ਕੀਤੀ ਜਾਂਦੀ ਹੈ।

ਇਸ ਟੈਂਡਰ ਨੋਟਿਸ ਦੇ ਨਿਯਮਾਂ ਅਤੇ ਸ਼ਰਤਾਂ ਸੰਬੰਧੀ ਹੋਰ ਜਾਣਕਾਰੀ ਲਈ ਪੰਜਾਬ ਸਰਕਾਰ ਦੀ ਈ-ਟੈਂਡਰਿੰਗ ਸਾਈਟ http://eproc.punjab.gov.in ਤੋਂ ਹਵਾਲਾ ਲਿਆ ਜਾ ਸਕਦਾ ਹੈ।

ਨੋਟ :-ਕੋਰੀਜੰਡਮ ਕੇਵਲ http://eproc.punjab.gov.in ਵੈੱਬਸਾਈਟ 'ਤੇ ਹੀ ਜਾਰੀ ਕੀਤਾ ਜਾਵੇਗਾ।

ਸਹੀ/-ਕਾਰਜਕਾਰੀ ਇੰਜੀਨੀਅਰ (ਸ), ਪੰਜਾਬ ਮੰਡੀ ਬੋਰਡ, ਤਰਨ ਤਾਰਨ।

ਕਲਾਸੀਫਾਈਡ ਇਸ਼ਤਿਹਾਰ

Change of Name

I, Sukhveer Singh S/o Didar Singh R/o VPO Bhungarni Distt. Hoshiarpur Punjab have changedmy name from Sukhveer Singh to Sukhvir Singh. Concerned note. (Hitesh)

I, Suman W/o Sh. Kishor Kumar R/o Vill. Nangal Thathal PO Garhdiwala Tehsil & Distt. Hoshiarpur Punjab have changed my name from Suman to Suman Kumari. Concerned note. (Hitesh)

I, Baby W/o Jaswinder Singh R/o Village Satnaur Tehsil Garhshankar Distt. Hoshiarpur Punjab have changed my name from Baby to Baby Rani. Concerned note . (Hitesh)

I, Raghbir Kaur W/O Baldev Singh R/O A-288, Ranjit Avenue, Amritsar hereby inform that I am also known as Raghubir Kaur Sandhu and Raghbir Kaur Sandhu. Hence Raghubir Kaur Sandhu, Raghbir Kaur Sandhu and Raghbir Kaur is one and the same person. Concerned note.

I,Sarbjit Singh S/O Jassa Singh R/O Roran Wala Kalan, Distt. Amritsar,Punjab have changed my name from Sarbjit Singh to Sarabjeet Singh. Concerned note.

I, Priyanka W/O Sahil Sharma R/O H.No.2417,C-Block,Friends Avenue,Plah Sahib Road, Amritsar, Punjab have changed my name after marriage from Priyanka to Priyanka Sharma. Concerned note.

I, Minakshi Talwar D/o Yograj Kapur has changed my name Minakshi to Minakshi Talwar after my marriage with Virkaran Jit Singh R/o VPO Nadala, District Kapurthala, Punjab. 144 624. All concerned please note.

I Kuldip Singh S/o Gian Singh R/o 399/6, Gulab Devi Road , Shaheed Babu Labh Singh Nagar Jalandhar have changed my name/spelling from Kuldip Singh To Kuldeep Singh . (same person).

I, Buta Mal Alias Buta Ram S

22-FEB-PAGE-7.qxd 2/21/2024 9:47 PM Page 1

ਪਟਿਆਲਾ 'ਚ ਗੱਜਣਗੇ ਹਜ਼ਾਰਾਂ ਸਿਹਤ ਕਾਮੇ

ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ) ਮਲਟੀਪਰਪਜ਼ ਹੈਲਥ ਇੰਪਲਾਈਜ ਯੂਨੀਅਨ ਪੰਜਾਬ ਵੱਲੋਂ ਸੂਬਾ ਪ੍ਰਧਾਨ ਕੁਲਬੀਰ ਸਿੰਘ ਮੋਗਾ ਅਤੇ ਸੂਬਾ ਜਰਨਲ ਸਕੱਤਰ ਜਸਵਿੰਦਰ ਸਿੰਘ ਦੀ ਅਗਵਾਈ ਆਪਣੀਆਂ ਹੱਕੀ ਮੰਗਾਂ ਦੇ ਲਈ 24 ਫਰਵਰੀ ਨੂੰ ਪੰਜਾਬ ਦੇ ਸਿਹਤ ਮੰਤਰੀ ਦੀ ਕੋਠੀ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਗਿਆ ਹੈ।

ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਕੁਲਪ੍ਰੀਤ ਸਮਰਾ ਅਤੇ ਬਲਾਕ ਪ੍ਰਧਾਨ ਸਤਵੰਤ ਸਿੰਘ ਕੰਬੋਜ ਨੇ ਕਿਹਾ ਕਿ ਜਥੇਬੰਦੀ ਵੱਲੋਂ ਲੰਬੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਨੂੰ ਨਾ ਪੂਰਾ ਕਰਨ ਦੇ ਰੋਸ ਵੱਜੋਂ ਸੰਘਰਸ਼ ਦਾ ਬਿਗਲ ਵਜਾ ਦਿੱਤਾ ਗਿਆ ਹੈ ਅਤੇ 24 ਫਰਵਰੀ ਨੂੰ ਸਿਹਤ ਮੰਤਰੀ ਪੰਜਾਬ ਦੀ ਪਟਿਆਲਾ ਵਿਖੇ ਕੋਠੀ ਦਾ ਘਿਰਾਓ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ, ਜਿਸ ਸੰਬੰਧੀ ਜ਼ਿਲ੍ਹਾਵਾਰ ਤੇ ਬਲਾਕਵਾਰ ਆਗੂਆਂ ਦੀਆਂ ਡਿਊਟੀਆਂ ਲਾ ਦਿੱਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਪਿਛਲੇ ਦਿਨੀਂ ਇਸ ਸੰਬੰਧ ਵਿੱਚ ਇੱਕ ਮੰਗ ਪੱਤਰ ਡਾਇਰੈਕਟਰ ਸਿਹਤ ਅਤੇ ਪਰਵਾਰ ਭਲਾਈ ਪੰਜਾਬ ਡਾ. ਆਦਰਸ਼ ਕੌਰ ਨੂੰ ਦਿੱਤਾ ਗਿਆ ਸੀ, ਪਰ ਵਿਭਾਗ ਵੱਲੋਂ ਕੇਡਰ ਦੀਆਂ ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ, ਜਿਸ ਕਰਕੇ ਸਿਹਤ ਕਾਮਿਆਂ ਦੀਆਂ ਮੁੱਖ ਮੰਗਾਂ ਮਲਟੀਪਰਪਜ਼ ਕੇਡਰ ਦਾ ਨਾਂਅ ਬਦਲਣ, ਕੱਟੇ ਗਏ ਸਾਰੇ ਭੱਤੇ ਬਹਾਲ ਕਰਨ, ਪਦਉੱਨਤੀਆਂ ਸਮੇਂ ਸਿਰ ਕਰਨ, ਬੰਦ ਪਏ ਟ੍ਰੇਨਿੰਗ ਸਕੂਲ ਚਾਲੂ ਕਰਨ, ਸੀਨੀਅਰਤਾ ਸੂਚੀਆਂ ਜਾਰੀ ਕਰਨ, ਮੇਲ ਨੂੰ ਫੀਮੇਲ ਬਰਾਬਰ ਕੰਮਾਂ ਵਿੱਚ ਭਾਗੀਦਾਰ ਬਣਾਉਣ, ਲੰਮੇ ਸਮੇਂ ਤੋਂ ਲਟਕ ਰਹੀਆਂ ਹਨ, ਜਿਨ੍ਹਾਂ 'ਤੇ ਵਿਭਾਗ ਵੱਲੋਂ ਧਿਆਨ ਨਹੀਂ ਦਿੱਤਾ ਜਾ ਰਿਹਾ ਅਤੇ ਇਸ ਸੰਬੰਧੀ ਜਥੇਬੰਦੀ ਵੱਲੋਂ ਡਾਇਰੈਕਟਰ, ਮੰਤਰੀ ਅਤੇ ਮੁੱਖ ਮੰਤਰੀ ਨੂੰ ਧੁਰੀ ਵਿਖੇ ਕਈ ਵਾਰ ਮੰਗ ਪੱਤਰ ਦਿੱਤੇ ਜਾ ਚੁੱਕੇ ਹਨ ਅਤੇ ਸਿਹਤ ਮੰਤਰੀ ਦੇ ਦਫ਼ਤਰ ਸਕੱਤਰ ਨੂੰ ਵੀ ਯਾਦ ਪੱਤਰ ਦਿੱਤਾ ਗਿਆ ਹੈ ਕਿ ਜੇ 22 ਫਰਵਰੀ ਤੱਕ ਕੇਡਰ ਦਾ ਨਾਂਅ ਬਦਲਣ ਦਾ ਐਲਾਨ ਸਮੇਤ ਹੋਰ ਮੰਗਾਂ ਨਾ ਮੰਨੀਆਂ ਗਈਆਂ ਤਾਂ ਜਥੇਬੰਦੀ 24 ਫਰਵਰੀ ਦੇ ਵਿੱਚ ਸਿਹਤ ਮੰਤਰੀ ਪੰਜਾਬ ਦਾ ਘਿਰਾਓ ਕਰੇਗੀ ਤੇ ਉਨ੍ਹਾਂ ਦੀ ਪਟਿਆਲਾ ਕੋਠੀ ਅੱਗੇ ਸੂਬਾਈ ਰੋਸ ਧਰਨਾ ਦਿੱਤਾ ਜਾਵੇਗਾ, ਜਿਸ ਵਿੱਚ ਸੂਬੇ ਭਰ ਦੇ ਹਜ਼ਾਰਾਂ ਮੇਲ, ਫੀਮੇਲ ਸਿਹਤ ਕਾਮੇ ਵਧ ਚੜ੍ਹ ਕੇ ਸ਼ਮੂਲੀਅਤ ਕਰਨਗੇ।

ਡਾ. ਏ ਆਰ ਸ਼ਰਮਾ ਰੋਟਰੀ ਦੇ ਸਰਵੋਤਮ ਐਵਾਰਡ ਨਾਲ ਸਨਮਾਨਤ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਰੋਟਰੀ ਕਲੱਬ ਧੂਰੀ ਦੇ ਸਰਪ੍ਰਸਤ ਰੋਟੇਰੀਅਨ ਡਾ. ਏ ਆਰ ਸ਼ਰਮਾ ਚੇਅਰਮੈਨ ਰਾਇਸੀਲਾ ਗਰੁੱਪ ਆਫ ਕੰਪਨੀਜ਼ ਨੂੰ ਰੋਟਰੀ ਇੰਟਰਨੈਸ਼ਨਲ ਦਾ ਸਰਵੋਤਮ ਐਵਾਰਡ 'ਸਰਵਿਸ ਅਬੈਵ ਸੈਲਫ' ਹਾਸਲ ਕਰਨ 'ਤੇ ਕਲੱਬ ਵੱਲੋਂ ਲੰਘੀ ਰਾਤ ਇੱਕ ਸਮਾਗਮ ਦੌਰਾਨ ਸਨਮਾਨਤ ਕੀਤਾ ਗਿਆ।ਜ਼ਿਕਰਯੋਗ ਹੈ ਕਿ ਇਸ ਸਾਲ ਸਮੁੱਚੇ ਦੇਸ਼ ਭਰ ਅੰਦਰ ਇਹ ਐਵਾਰਡ ਹਾਸਲ ਕਰਨ ਵਾਲੇ ਡਾ. ਸ਼ਰਮਾ ਇਕੱਲੇ ਰੋਟੇਰੀਅਨ ਹਨ।ਇਹ ਵੱਕਾਰੀ ਐਵਾਰਡ ਹਾਸਲ ਕਰਨ 'ਤੇ ਉਨ੍ਹਾਂ ਨੂੰ ਕਲੱਬ ਦੇ ਪ੍ਰਧਾਨ ਮੱਖਣ ਲਾਲ ਗਰਗ ਤੇ ਜਨਰਲ ਸਕੱਤਰ ਐਡਵੋਕੇਟ ਦੀਪਕ ਗਰਗ ਸਮੇਤ ਹੋਰ ਰੋਟੇਰੀਅਨ ਮੈਂਬਰਾਂ ਵੱਲੋਂ ਸਨਮਾਨਤ ਕੀਤਾ ਗਿਆ।

ਇਸ ਮੌਕੇ ਡਾ. ਏ ਆਰ ਸ਼ਰਮਾ ਨੇ ਕਲੱਬ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇਨਸਾਨ ਨੂੰ ਹਮੇਸ਼ਾ ਸਮਾਜ ਨੂੰ ਕੁਝ ਦੇਣ ਦੀ ਇੱਛਾ ਰੱਖਣੀ ਚਾਹੀਦੀ ਹੈ ਤੇ ਅਜਿਹਾ ਕਰਨ ਵਾਲੇ ਵਿਅਕਤੀ ਲਈ ਪ੍ਰਮਾਤਮਾ ਵੀ ਕੋਈ ਕਮੀ ਜਾਂ ਘਾਟ ਨਹੀਂ ਰੱਖਦਾ ਹੈ।ਉਨ੍ਹਾ ਕਿਹਾ ਕਿ ਆਪਣੇ ਲਈ ਤਾਂ ਹਰੇਕ ਵਿਅਕਤੀ ਜਿਓਂਦਾ ਹੈ, ਜ਼ਰੂਰਤ ਸਾਨੂੰ ਸਮਾਜ ਲਈ ਜਿਓਣ ਦੀ ਹੈ।ਜ਼ਿਕਰਯੋਗ ਹੈ ਕਿ ਡਾ. ਸ਼ਰਮਾ ਵੱਲੋਂ ਰੋਟਰੀ ਇੰਟਰਨੈਸ਼ਨਲ ਨੂੰ ਚਾਰ ਕਿਸ਼ਤਾਂ 'ਚ ਸਮਾਜਸੇਵਾ ਲਈ ਇੱਕ ਲੱਖ ਡਾਲਰ ਦੀ ਵਿੱਤੀ ਮੱਦਦ ਦੇਣ ਦਾ ਐਲਾਨ ਕੀਤਾ ਗਿਆ ਸੀ, ਜਿਸ ਵਿੱਚੋਂ ਉਨ੍ਹਾਂ ਵੱਲੋਂ 25 ਹਜ਼ਾਰ ਡਾਲਰ ਦੀ ਪਹਿਲੀ ਕਿਸ਼ਤ ਦਿੱਤੀ ਜਾ ਚੁੱਕੀ ਹੈ।ਸਮਾਗਮ ਦੇ ਦੂਸਰੇ ਦੌਰ 'ਚ ਹਾਜ਼ਰੀਨ ਦਰਮਿਆਨ ਰੌਚਕ ਖੇਡਾਂ ਕਰਵਾਈਆਂ ਗਈਆਂ।ਇਸ ਮੌਕੇ ਕਲੱਬ ਦੇ ਸਾਬਕਾ ਪ੍ਰਧਾਨ ਰਜਨੀਸ਼ ਗਰਗ ਰਾਜੂ ਨੇ ਦੱਸਿਆ ਕਿ ਕਲੱਬ ਦੇ ਮੈਂਬਰਾਂ ਨੂੰ ਵਿਅਤਨਾਮ ਟੂਰ 'ਤੇ ਲੈਜਾ ਰਿਹਾ ਹੈ ਅਤੇ ਜਲਦੀ ਹੀ ਕਲੱਬ ਮੈਂਬਰਾਂ ਲਈ ਇੱਕ ਹੋਰ ਟੂਰ ਦਾ ਆਯੋਜਨ ਕੀਤਾ ਜਾਵੇਗਾ। ਸਮਾਗਮ ਦਾ ਸਮਾਪਨ ਰਾਤਰੀ ਭੋਜ ਨਾਲ ਕੀਤਾ ਗਿਆ।ਇਸ ਮੌਕੇ ਚਰਨ ਸਿੰਘ ਮੁਸਾਫਿਰ, ਐਡਵੋਕੇਟ ਬਲਜੀਤ ਸਿੰਘ ਸਿੱਧੂ, ਰਮੇਸ਼ ਗੋਇਲ, ਦਵਿੰਦਰ ਸਿੱਧੂ, ਸਵਰਨਜੀਤ ਸਿੰਘ, ਸੁਮਿਤ ਜੈਨ ਐਡਵੋਕੇਟ, ਸਰਬਜੀਤ ਸਿੰਘ, ਸੰਜੇ ਜਿੰਦਲ, ਰਜਨੀਸ਼ ਧੀਰ ਐਡਵੋਕੇਟ, ਕਪਿਲ ਗੋਇਲ, ਦੀਪਕ ਜਿੰਦਲ, ਦੀਪਕ ਗੋਇਲ, ਕਮਲ ਭੂਸ਼ਣ ਸਟੈਪੀ, ਸੁਸ਼ੀਲ ਕੁਮਾਰ ਰੂਬਲ ਆਦਿ ਮੌਜੂਦ ਸਨ।

ਕਿੰਨੂਆਂ ਦੀ ਮਿਠਾਸ ਅਧਿਆਪਕਾਂ ਲਈ ਬਣੀ ਖਟਾਸ

ਵਿਭਾਗ ਕਣਕ, ਚੌਲ ਵਾਂਗ ਸਕੂਲਾਂ 'ਚ ਫ਼ਲ ਵੀ ਕਰੇ ਪਹੁੰਚਦੇ : ਡੀ ਟੀ ਐੱਫ

ਮਾਨਸਾ (ਆਤਮਾ ਸਿੰਘ ਪਮਾਰ) ਸਿੱਖਿਆ ਵਿਭਾਗ ਦਾ ਬਾਬਾ ਆਲਮ ਹੀ ਨਿਰਾਲਾ ਹੈ। ਪਹਿਲਾਂ ਤਾਂ ਸਕੂਲ ਮੁਖੀ ਅਤੇ ਅਧਿਆਪਕ ਹਫ਼ਤੇ ਵਿੱਚ ਇੱਕ ਦਿਨ ਪੂਰੀਆਂ ਬਣਾਉਣ ਵਿੱਚ ਰੁੱਝੇ ਰਹਿੰਦੇ ਹਨ। ਹੁਣ ਨਵੇਂ ਹੁਕਮਾਂ ਨੇ ਅਧਿਆਪਕਾਂ ਲਈ ਨਵੀ ਮੁਸੀਬਤ ਖੜੀ ਕਰ ਦਿੱਤੀ ਹੈ। ਪੰਜਾਬ ਸਰਕਾਰ ਵੱਲੋਂ ਪੰਜਾਬ ਐਗਰੋ ਰਾਹੀਂ ਸਕੂਲਾਂ ਵਿੱਚ ਬੱਚਿਆਂ ਲਈ ਹਫ਼ਤੇ ਵਿੱਚ ਇੱਕ ਦਿਨ ਕਿੰਨੂ ਦਿੱਤੇ ਜਾਣੇ ਹਨ। ਇਨ੍ਹਾਂ ਕਿੰਨੂਆਂ ਦੀ ਸਪਲਾਈ ਬਲਾਕ ਪ੍ਰਾਇਮਰੀ ਸਿੱਖਿਆ ਦਫ਼ਤਰਾਂ ਰਾਹੀਂ ਕੀਤੀ ਜਾਣੀ ਹੈ। ਅਧਿਆਪਕ ਇੱਕ ਦਿਨ ਪਹਿਲਾਂ ਜਾ ਕੇ ਦਫ਼ਤਰੋਂ ਕਿੰਨੂ ਪ੍ਰਾਪਤ ਕਰਨਗੇ ਅਤੇ ਅਗਲੇ ਦਿਨ ਬੱਚਿਆਂ ਨੂੰ ਵੰਡਣਗੇ। ਡੈਮੋਕ੍ਰੇਟਿਕ ਟੀਚਰਜ ਫਰੰਟ ਦੇ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਤੇ ਸੂਬਾ ਸਕੱਤਰ ਬਲਬੀਰ ਲੌਂਗੋਵਾਲ ਦੀ ਅਗਵਾਈ ਵਿੱਚ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਕਰਮਜੀਤ ਤਾਮਕੋਟ ਅਤੇ ਸਕੱਤਰ ਹਰਜਿੰਦਰ ਅਨੂਪਗੜ੍ਹ ਨੇ ਅਧਿਆਪਕਾਂ ਦੀ ਖੱਜਲ ਖੁਆਰੀ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਕਿ ਸਿੱਖਿਆ ਵਿਭਾਗ ਪੰਜਾਬ ਵੱਲੋਂ ਬਿਨਾਂ ਸੋਚੇ ਸਮਝੇ ਅਧਿਆਪਕ ਵਿਰੋਧੀ ਫੈਸਲੇ ਲਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਬੱਚਿਆਂ ਨੂੰ ਮੌਸਮੀ ਫ਼ਲ ਦੇਣਾ ਹੀ ਹੈ ਤਾਂ ਇਸ ਦੀ ਸਪਲਾਈ ਵੀ ਕਣਕ ਚਾਵਲ ਵਾਂਗ ਹੀ ਸਕੂਲਾਂ ਵਿੱਚ ਯਕੀਨੀ ਬਣਾਈ ਜਾਣੀ ਚਾਹੀਦੀ ਹੈ। ਡੀ ਟੀ ਐਫ ਦੇ ਸੀਨੀਅਰ ਆਗੂਆਂ ਗੁਰਤੇਜ ਉਭਾ, ਨਵਜੋਸ਼ ਸਪੋਲੀਆ ਅਤੇ ਰਾਜਵਿੰਦਰ ਬੈਹਣੀਵਾਲ ਨੇ ਸਿੱਖਿਆ ਭਾਗ ਦੀਆਂ ਇਹਨਾਂ ਨੀਤੀਆਂ ਦੀ ਨਿਖੇਧੀ ਕਰਦਿਆਂ ਕਿਹਾ ਕਿ ਵਿਭਾਗ ਵੱਲੋਂ ਪਹਿਲਾਂ ਤਾਂ ਵਿਦਿਆਰਥੀਆਂ ਨੂੰ ਹਫਤੇ ਵਿੱਚ ਇੱਕ ਦਿਨ ਪੂੜੀਆਂ, ਛੋਲੇ ਬਣਾ ਕੇ ਦੇਣ ਦਾ ਫਰਮਾਨ ਜਾਰੀ ਕੀਤਾ ਜਾ ਚੁੱਕਾ ਹੈ। ਉਸ ਦਿਨ ਸਾਰਾ ਸਟਾਫ ਖਾਣੇ ਵਿੱਚ ਉਲਝ ਕੇ ਰਹਿ ਜਾਂਦਾ ਹੈ।

ਹੁਣ ਜਦੋਂ ਪੇਪਰਾਂ ਦੇ ਦਿਨ ਚੱਲ ਰਹੇ ਹਨ ਤੇ ਵਿਦਿਆਰਥੀਆਂ ਨੂੰ ਸਿਲੇਬਸ ਦੀ ਦੁਹਰਾਈ ਕਰਾਈ ਜਾ ਰਹੀ ਹੈ ਤਾਂ ਅਜਿਹੇ ਸਮੇਂ ਇੱਕ ਅਧਿਆਪਕ ਬਲਾਕ ਦਫਤਰਾਂ ਵਿੱਚੋਂ ਕਿੰਨੂ ਚੁੱਕਣ ਤੇ ਲਗਾ ਦਿੱਤਾ ਗਿਆ ਹੈ। ਇਸ ਤਰ੍ਹਾਂ ਜਿੱਥੇ ਅਧਿਆਪਕਾਂ ਦੀ ਖੱਜਲ ਖੁਆਰੀ ਵਧੇਗੀ, ਉਥੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਵੀ ਹੋਵੇਗਾ। ਅਧਿਆਪਕ ਆਗੂਆਂ ਨੇ ਮੰਗ ਕੀਤੀ ਕਿ ਮੌਸਮੀ ਫਲ ਸਕੂਲਾਂ ਵਿੱਚ ਪਹੁੰਚਦਾ ਕੀਤਾ ਜਾਵੇ ਤੇ ਪੂੜੀਆਂ ਦੀ ਥਾਂ ਪੌਸ਼ਟਿਕ ਭੋਜਨ ਦਾ ਬਦਲਵਾਂ ਪ੍ਰਬੰਧ ਕੀਤਾ ਜਾਵੇ।

ਕੌਮਾਂਤਰੀ ਮਾਂ ਬੋਲੀ ਦਿਵਸ ਸਮਾਗਮ ਦੌਰਾਨ ਪੰਜਾਬੀ ਨੂੰ ਰੁਜ਼ਗਾਰ-ਮੁਖੀ ਕਰਨ ਦੀ ਉਠਾਈ ਮੰਗ

ਸੰਗਰੂਰ, (ਪ੍ਰਵੀਨ ਸਿੰਘ) ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਮਨਾਏ ਗਏ ਕੌਮਾਂਤਰੀ ਮਾਂ ਬੋਲੀ ਦਿਵਸ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਪੰਜਾਬੀ ਬੋਲੀ ਇਸ ਕਰਕੇ ਪਛੜ ਰਹੀ ਹੋ ਕਿਉਂਕਿ ਇਹ ਰੁਜ਼ਗਾਰਮੁਖੀ ਨਹੀਂ ਹੈ।ਜੇ ਪੰਜਾਬੀ ਭਾਸ਼ਾ ਅਤੇ ਬੋਲੀ ਰੁਜ਼ਗਾਰਮੁਖੀ ਹੋ ਜਾਵੇ ਤਾਂ ਇਸ ਭਾਸ਼ਾ ਉੱਤੇ ਮੰਡਰਾ ਰਹੇ ਖਤਰੇ ਦੇ ਬੱਦਲ ਖਤਮ ਹੋ ਸਕਦੇ ਹਨ।ਕੋਂਦਰੀ ਪੰਜਾਬੀ ਲੇਖਕ ਸਭਾ (ਸੋਖੋਂ ਦੇ ਸਰਪ੍ਰਸਤ ਡਾ. ਤੇਜਵੰਤ ਸਿੰਘ ਮਾਨ, ਮਾਲਵਾ ਲਿਖਾਰੀ ਸਭਾ ਦੇ ਪ੍ਰਧਾਨ ਕਰਮ ਸਿੰਘ ਜ਼ਖ਼ਮੀ, ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਡਾ. ਭਗਵੰਤ ਸਿੰਘ, ਨਾਮਵਰ ਸਾਹਿਤਕਾਰ ਮੋਹਨ ਸ਼ਰਮਾ, ਜ਼ਿਲ੍ਹਾ ਸਿੱਖਿਆ ਅਫ਼ਸਰ ਰਣਜੋਧ ਸਿੰਘ, ਸੀਨੀਅਰ ਸਿਟੀਜ਼ਨ ਭਲਾਈ ਸੰਸਥਾ ਦੇ ਪ੍ਰਧਾਨ ਡਾ ਨਰਵਿੰਦਰ ਕੌਸ਼ਲ ਸਾਬਕਾ ਐਡੀਸ਼ਨਲ ਸੈਸ਼ਨ ਜੱਜ ਮਹਿੰਦਰਪਾਲ ਸਿੰਘ ਪਾਹਵਾ ਐਡਵੋਕੇਟ, ਮੀਤ ਹਰਜੀਤ, ਧਰਮੀ ਤੁੰਗਾ ਡਾ ਇਕਬਾਲ ਸਿੰਘ ਸਕਰਦੀ, ਮੀਤ ਸਕਰੋਦੀ, ਰਜਿੰਦਰ ਸਿੰਘ ਰਾਜਨ, ਨਰਿੰਦਰ ਸਿੰਘ ਸਾਹਨੀ ਐਡਵੋਕੇਟ, ਸੁਰਿੰਦਰਪਾਲ ਸਿੰਘ ਸਿਦਕੀ, ਸੁਰਜੀਤ ਸਿੰਘ ਸਾਬਕਾ ਈ ਓ, ਜੀਤ ਸਿੰਘ ਢੀਂਡਸਾ, ਭੁਪਿੰਦਰ ਸਿੰਘ ਜੱਸੀ, ਪ੍ਰੋ ਸਾਹਿਬਾ ਜੀਤ ਕੌਰ, ਹਰਜੀਤ ਸਿੰਘ ਢੀਂਗਰਾ, ਪਾਲੀ ਰਾਮ ਬਾਂਸਲ, ਸੁਖਵਿੰਦਰ ਸਿੰਘ ਲੋਟੇ, ਰਵਿੰਦਰ ਗੁੱਡੂ ਤੇ ਹੋਰਨਾਂ ਨੇ ਹਰ ਪੰਜਾਬੀ ਨੂੰ ਆਪਣੇ ਘਰ ਵਿਚ ਪੰਜਾਬੀ ਵਿੱਚ ਗੱਲਬਾਤ ਕਰਨ ਦਾ ਸੱਦਾ ਦਿੱਤਾ।

ਇਸ ਤੋਂ ਪਹਿਲਾਂ ਵੱਖ-ਵੱਖ ਸੰਸਥਾਵਾਂ ਦੇ ਸੂਬਾਈ ਆਗੂ ਰਾਜ ਕੁਮਾਰ ਅਰੋੜਾ ਨੇ ਸਮਾਗਮ ਦਾ ਰਸਮੀ ਉਦਘਾਟਨ ਕਰਦਿਆਂ ਕਿਹਾ ਕਿ ਜੋ ਬੰਗਾਲ ਦੇ ਲੋਕ ਬੰਗਾਲੀ ਨੂੰ, ਗੁਜਰਾਤ ਦੇ ਲੋਕ ਗੁਜਰਾਤੀ ਨੂੰ ਅਤੇ ਤਾਮਿਲਨਾਡੂ ਦੇ ਲੋਕ ਤਾਮਿਲ ਨੂੰ ਆਪਣੀ ਮਾਂ ਬੋਲੀ ਕਹਿਣ ਵਿੱਚ ਮਾਣ ਮਹਿਸੂਸ ਕਰਦੇ ਹਨ ਤਾਂ ਸਾਨੂੰ ਪੰਜਾਬੀਆਂ ਨੂੰ ਉਨ੍ਹਾਂ ਤੋਂ ਸਬਕ ਲੈਣਾ ਚਾਹੀਦਾ ਹੈ।ਸਭਾ ਦੇ ਕੌਮੀ ਪ੍ਰਧਾਨ ਬਲਵੀਰ ਕੌਰ ਰਾਏਕੋਟੀ ਨੇ ਸਭਾ ਦੇ ਚੇਅਰਮੈਨ ਦਲਬੀਰ ਸਿੰਘ ਕਥੂਰੀਆ ਵੱਲੋਂ ਮਾਂ ਬੋਲੀ ਪੰਜਾਬੀ ਦੇ ਪ੍ਰਚਾਰ ਪ੍ਰਸਾਰ ਲਈ ਕੀਤੇ ਜਾ ਰਹੇ ਯਤਨਾਂ ਦੀ ਗੱਲ ਕਰਦਿਆਂ ਸਮਾਗਮ ਵਿੱਚ ਆਏ ਮਹਿਮਾਨਾ ਦਾਂ ਧੰਨਵਾਦ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਹੋਰ ਸ਼ਖ਼ਸੀਅਤਾਂ ਵੀ ਮੌਜੂਦ ਸਨ। 86 ਵਰ੍ਹਿਆਂ ਦੀ ਉਮਰ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਰੈਗੂਲਰ ਵਿਦਿਆਰਥੀ ਜੰਗ ਸਿੰਘ ਫੱਟੜ, ਜੋ ਹਰ ਰੋਜ਼ ਸੰਗਰੂਰ ਤੋਂ ਯੂਨੀਵਰਸਿਟੀ ਲਈ ਬੱਸ ਸਫ਼ਰ ਕਰਦੇ ਹਨ, ਨੂੰ ਸਨਮਾਨਤ ਕੀਤਾ ਗਿਆ।

ਅਫ਼ੀਮ ਤੇ ਹੈਰੋਇਨ ਸਮੇਤ ਦੋ ਗ੍ਰਿਫ਼ਤਾਰ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ/ਪਰਮਜੀਤ ਸਿੰਘ/ ਚਾਵਲਾ) ਭਾਗੀਰਥ ਸਿੰਘ ਮੀਨਾ ਐਸ.ਐਸ.ਪੀ ਵੱਲੋਂ ਜ਼ਿਲ੍ਹੇ ਅੰਦਰ ਨਸ਼ਿਆਂ ਖਿਲਾਫ਼ ਵਿੱਢੀ ਮੁਹਿੰਮ ਤਹਿਤ ਜਿੱਥੇ ਪੁਲਿਸ ਦੀਆਂ ਅਲੱਗ-ਅਲੱਗ ਟੁਕੜੀਆਂ ਬਣਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ, ਉੱਥੇ ਹੀ ਨਸ਼ਾ ਤਸਕਰਾਂ ਨੂੰ ਫੜ ਕੇ ਉਨ੍ਹਾਂ ਖਿਲਾਫ਼ ਬਣਦੀ ਕਾਰਵਾਈ ਕੀਤੀ ਜਾ ਰਹੀ ਹੈ।ਇਸੇ ਤਹਿਤ ਮਨਮੀਤ ਸਿੰਘ ਢਿੱਲੋਂ ਐਸ.ਪੀ (ਡੀ) ਅਤੇ ਜਸਪਾਲ ਸਿੰਘ ਡੀ.ਐਸ.ਪੀ (ਡੀ) ਦੀ ਨਿਗਰਾਨੀ ਹੇਠ ਐਸ ਆਈ ਕੁਲਬੀਰ ਚੰਦ ਇੰਚਾਰਜ ਸੀ ਆਈ ਏ-2 ਮਲੋਟ ਅਤੇ ਐਸ ਆਈ ਰਣਜੀਤ ਸਿੰਘ ਮੁੱਖ ਅਫ਼ਸਰ ਥਾਣਾ ਕਬਰਵਾਲਾ ਵੱਲੋਂ ਕਾਰਵਾਈ ਕਰਦੇ ਹੋਏ ਥਾਣਾ ਕਬਰਵਾਲਾ ਵਿਖੇ ਦੋ ਵੱਖ-ਵੱਖ ਮੁਕੱਦਮਿਆਂ ਵਿੱਚ 1 ਕਿਲੋ 800 ਗ੍ਰਾਮ ਅਫ਼ੀਮ ਤੇ 50 ਗ੍ਰਾਮ 0.5 ਮਿਲੀਗ੍ਰਾਮ ਹੈਰੋਇਨ ਸਮੇਤ 2 ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਹੈ। ਥਾਣਾ ਕਬਰਵਾਲਾ ਪੁਲਸ ਵੱਲੋਂ ਬ੍ਰਾਏ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਪਿੰਡ ਕਬਰਵਾਲਾ ਤੋਂ ਕੱਟਿਆਂਵਾਲੀ ਤੋਂ ਹੁੰਦੇ ਹੋਏ ਪਿੰਡ ਪੱਕੀ ਟਿੱਬੀ ਮੌਜੂਦ ਸੀ ਤਾਂ ਇੱਕ ਆਦਮੀ ਸੜਕ 'ਤੇ ਆਉਂਦਾ ਦਿਖਾਈ ਦਿੱਤਾ, ਜਿਸ ਨੂੰ ਸ਼ੱਕ ਦੀ ਬਿਨ੍ਹਾ 'ਤੇ ਰੋਕ ਕੇ ਉਸ ਵਿਅਕਤੀ ਦਾ ਨਾਂਅ ਪੁੱਛਿਆ ਤਾਂ ਉਸ ਨੇ ਆਪਣਾ ਨਾਂਅ ਗੋਕਲ ਦਾਸ ਪੁੱਤਰ ਪ੍ਰਭੂ ਦਾਸ ਵਾਸੀ ਰਾਵਤਪੁਰਾ ਜ਼ਿਲ੍ਹਾ ਝਾਲਾਵਾੜ (ਰਾਜਸਥਾਨ) ਦੱਸਿਆ।ਪੁਲਸ ਵੱਲੋਂ ਸ਼ੱਕ ਦੇ ਅਧਾਰ 'ਤੇ ਉਸ ਦੀ ਤਲਾਸ਼ੀ ਕੀਤੀ ਤਾਂ ਉਸ ਪਾਸੋਂ 1 ਕਿੱਲੋ 800 ਅਫੀਮ ਬਰਾਮਦ ਹੋਈ, ਜਿਸ 'ਤੇ ਉਕਤ ਦੋਸ਼ੀ ਤੇ ਥਾਣਾ ਕਬਰਵਾਲਾ ਪੁਲਿਸ ਵਲੋਂ ਮੁੱਕਦਮਾ ਐਨ.ਡੀ.ਪੀ.ਐਸ ਐਕਟ ਥਾਣਾ ਕਬਰਵਾਲਾ ਵਿਖੇ ਦਰਜ ਕਰ ਅਗਲੇਰੀ ਕਾਰਵਾਈ ਕੀਤੀ।

ਇਸੇ ਤਰ੍ਹਾਂ ਪਿੰਡ ਰਾਣੀਵਾਲਾ ਵੱਲ ਜਾ ਰਹੇ ਸੀ ਤਾਂ ਸ਼ੱਕ ਦੀ ਬਿਨ੍ਹਾ 'ਤੇ ਇੱਕ ਵਿਅਕਤੀ ਦਾ ਨਾਂਅ ਪੁੱਛਿਆ, ਜਿਸ ਨੇ ਆਪਣਾ ਨਾਂਅ ਗਗਨਦੀਪ ਸਿੰਘ ਪੁੱਤਰ ਇਕਬਾਲ ਸਿੰਘ ਵਾਸੀ ਭੂਰੇ ਗਿੱਲ ਤਹਿਸ

22-Feb-PAGE-8.qxd 2/21/2024 10:17 PM Page 1

ਰੋਸ ਵਜੋਂ ਦਫਤਰੀ ਮੁਲਾਜ਼ਮਾਂ ਵੱਲੋਂ ਕਲਮ ਛੋੜ ਹੜਤਾਲ ਸ਼ੁਰੂ

ਜਲੰਧਰ (ਰਾਜੇਸ਼ ਥਾਪਾ)

ਸੂਬੇ ਦੀ ਅਫਸਰਸ਼ਾਹੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਕੈਬਿਨਟ ਸਬ ਕਮੇਟੀ ਦੇ ਹੁਕਮ ਮੰਨਣ ਤੋਂ ਆਨਾਕਾਨੀ ਕਰਦੀ ਨਜ਼ਰ ਆ ਰਹੀ ਹੈ ਜਿਸ ਦੇ ਰੋਸ ਵਜੋਂ ਸਿੱਖਿਆ ਵਿਭਾਗ ਦੇ ਦਫਤਰੀ ਮੁਲਾਜ਼ਮਾਂ ਨੇ ਕਲਮ ਛੋੜ ਹੜਤਾਲ ਸ਼ੁਰੂ ਕਰ ਦਿੱਤੀ।ਮੁਲਾਜ਼ਮ ਇਸ ਗੱਲ ਤੋਂ ਨਰਾਜ਼ ਨਜ਼ਰ ਆ ਰਹੇ ਸਨ ਕਿ ਕੈਬਿਨਟ ਸਬ ਕਮੇਟੀ ਵੱਲੋਂ ਫੈਸਲਾ ਲੈਣ ਦੇ ਬਾਵਜੂਦ ਵੀ ਅਫਸਰ ਕਮੇਟੀ ਪਿਛਲੇ ਤਕਰੀਬਨ ਢਾਈ ਮਹੀਨੇ ਤੋਂ ਇਕ ਮੀਟਿੰਗ ਹੀ ਨਹੀ ਕਰ ਰਹੀ।ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਦੇ ਹਰੇ ਪੈੱਨ ਨੇ ਸਿੱਖਿਆ ਵਿਭਾਗ ਦੇ ਦਫਤਰੀ ਮੁਲਾਜ਼ਮਾਂ ਨੂੰ ਪੱਕਾ ਕਰਨ ਦਾ ਫੈਸਲਾ ਲਿਆ ਅਤੇ ਉਸ 'ਤੇ ਤਿੰਨ ਮੰਤਰੀ ਦੀ ਬਣੀ ਕੈਬਿਨਟ ਸਬ ਕਮੇਟੀ ਦੀ ਵੀ ਮੋਹਰ ਲੱਗਣ ਦੇ ਬਾਵਜੂਦ ਸਿੱਖਿਆ ਵਿਭਾਗ ਦੇ ਦਫਤਰੀ ਕਰਮਚਾਰੀਆਂ ਨੂੰ ਨਾ ਤਾਂ ਰੈਗੂਲਰ ਦੇ ਆਰਡਰ ਮਿਲੇ ਅਤੇ ਨਾ ਹੀ ਕਰਮਚਾਰੀਆਂ ਦੀ ਤਨਖਾਹ ਕਟੌਤੀ ਬੰਦ ਹੋਈ।ਸੂਬੇ, ਸਰਕਾਰ ਅਤੇ ਵਿਭਾਗ ਨੂੰ ਚਲਾਉਣ ਲਈ ਦਫਤਰੀ ਮੁਲਾਜ਼ਮ ਸਰਕਾਰਾਂ ਦੀ ਰੀੜ ਦੀ ਹੱਡੀ ਮੰਨੇ ਜਾਦੇ ਹਨ ਪ੍ਰੰਤੂ ਪੰਜਾਬ ਦਾ ਸਿੱਖਿਆ ਵਿਭਾਗ ਕਿਸੇ ਵੀ ਪਾਰਟੀ ਦੀ ਸਰਕਾਰ ਆਈ ਹੋਵੇ ਦਫਤਰੀ ਮੁਲਾਜ਼ਮਾਂ ਨਾਲ ਵਿਤਕਰਾ ਹੀ ਕਰਦਾ ਰਿਹਾ ਹੈ। ਸਿੱਖਿਆ ਵਿਭਾਗ ਵੱਲੋਂ ਹਰ ਵਾਰ ਦਫਤਰੀ ਮੁਲਾਜ਼ਮਾਂ ਨੂੰ ਬਣਦੇ ਹੱਕ ਦੇਣ ਦੀ ਬਜਾਏ ਹਰ ਵਾਰ ਵਿਸਾਰਿਆ ਜਾ ਰਿਹਾ ਹੈ।ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਸਰਵ ਸਿੱਖਿਆ ਅਭਿਆਨ ਦਫਤਰੀ ਕਰਮਚਾਰੀ ਯੂਨੀਅਨ ਦੇ ਆਗੂ ਸ਼ੋਭਿਤ ਭਗਤ, ਰਾਜੀਵ ਸ਼ਰਮਾ, ਗਗਨਦੀਪ ਸ਼ਰਮਾ, ਸੁਖਰਾਜ ਨੇ ਕਿਹਾ ਕਿ ਅਕਾਲੀ ਦਲ ਅਤੇ ਕਾਂਗਰਸ ਦੀ ਸਰਕਾਰ ਨੇ ਕੱਚੇ ਮੁਲਾਜ਼ਮਾਂ ਦੀ ਜਵਾਨੀ ਰੋਲ ਕੇ ਰੱਖ ਦਿੱਤੀ ਅਤੇ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਕੱਚੇ ਮੁਲਾਜ਼ਮਾਂ ਦੇ ਭਵਿੱਖ ਨੂੰ ਰੋਲਣ ਦੀ ਤਿਆਰੀ ਕਰੀ ਬੈਠੀ ਹੈ।ਆਗੂਆਂ ਨੇ ਦੱਸਿਆ ਕਿ ਦਫਤਰੀ ਮੁਲਾਜ਼ਮਾਂ ਦੀ ਤਕਰੀਬਨ 5000 ਰੁਪਏ ਮਹੀਨਾ ਤਨਖਾਹ ਕਟੌਤੀ ਕੀਤੀ ਜਾ ਰਹੀ ਹੈ ਜੋ ਕਿ ਬਾਰ ਬਾਰ ਮੰਤਰੀਆਂ ਵੱਲੋਂ ਵਾਅਦੇ ਕਰਨ ਦੇ ਬਾਵਜੂਦ ਪੂਰੀ ਨਹੀਂ ਹੋਈ।ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ, ਸਿੱਖਿਆ ਮੰਤਰੀ ਪੰਜਾਬ ਅਤੇ ਕੈਬਿਨਟ ਸਬ ਕਮੇਟੀ ਦੀ ਮਨਜ਼ੂਰੀ ਮਿਲਣ 'ਤੇ ਵੀ ਕਰਮਚਾਰੀਆ ਦੇ ਮਸਲੇ ਹੱਲ ਨਹੀਂ ਕੀਤੇ ਜਾ ਰਹੇ ਇਸ ਕਰਕੇ ਸਮੁੱਚੇ ਦਫਤਰੀ ਮੁਲਾਜ਼ਮਾਂ ਵਿਚ ਰੋਸ ਹੈ।ਆਗੂਆਂ ਨੇ ਕਿਹਾ ਕਿ ਜੇਕਰ ਸਰਕਾਰ ਤੇ ਵਿਭਾਗ ਨੇ ਮੰਗਾਂ ਵੱਲ ਨਾ ਧਿਆਨ ਦਿੱਤਾ ਤਾਂ ਮੁਲਾਜ਼ਮ ਹੋਰ ਤਿੱਖੇ ਐਕਸ਼ਨ ਮੰਤਰੀਆ ਦੇ ਘਰਾਂ ਦਾ ਘਿਰਾਉ ਅਤੇ ਕਮਲ ਛੋੜ ਨੂੰ ਅੱਗੇ ਵਧਾਉਣ ਨੂੰ ਮਜ਼ਬੂਰ ਹੋਣਗੇ।

ਗੜਾ ਮੋੜਾ ਟੋਲ ਪਲਾਜ਼ੇ 'ਤੇ ਮੋਰਚਾ ਦੂਜੇ ਦਿਨ ਵੀ ਜਾਰੀ

ਨੰਗਲ (ਸੁਰਜੀਤ ਢੇਰ)

ਸੰਯੁਕਤ ਕਿਸਾਨ ਮੋਰਚੇ ਦੇ ਫੈਸਲੇ ਅਨੁਸਾਰ ਟੋਲ ਪਲਾਜਾ ਅਤੇ ਭਾਜਪਾ ਮੰਤਰੀ ਦੇ ਘਿਰਾਓ ਦੇ ਦਿੱਤੇ ਸੱਦੇ ਤਹਿਤ ਦੂਜੇ ਦਿਨ ਵੀ ਗੜਾ ਮੋੜਾ ਟੋਲ ਪਲਾਜਾ 'ਤੇ ਮੋਰਚਾ ਜਾਰੀ ਰਿਹਾ। ਕੁੱਲ ਹਿੰਦ ਕਿਸਾਨ ਸਭਾ ਤੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ, ਕਾਮਰੇਡ ਜਸਵਿੰਦਰ ਸਿੰਘ ਭੰਗਲ, ਕੁੱਲ ਹਿੰਦ ਕਿਸਾਨ ਸਭਾ ਅਜੇ ਭਵਨ ਦੇ ਆਗੂ ਸੁਸੀਲ ਕੁਮਾਰ, ਰਾਮਪਾਲ ਤਾਰਾਪੁਰ ਦੀ ਅਗਵਾਈ ਹੇਠ ਕੀਰਤਪੁਰ ਸਾਹਿਬ ਮਨਾਲੀ ਰੋਡ 'ਤੇ ਪੈਂਦੇ ਟੋਲ ਪਲਾਜਾ ਗੜਾ ਮੋੜਾ ਵਿਖੇ ਮੋਰਚਾ ਦੂਜੇ ਦਿਨ ਵੀ ਜਾਰੀ ਰਿਹਾ। ਆਗੂਆਂ ਨੇ ਕਿਹਾ ਕਿ ਭਾਜਪਾ ਦੀ ਕੇਂਦਰ ਸਰਕਾਰ ਆਮ ਲੋਕਾਂ ਨੂੰ ਤੰਗ ਪਰੇਸ਼ਾਨ ਕਰ ਰਹੀ ਹੈ। ਸਰਕਾਰ ਨੇ ਆਪਣੇ 10 ਸਾਲਾਂ ਦੇ ਰਾਜ ਦੌਰਾਨ ਗਰੀਬਾਂ ਮਾਰੂ ਨੀਤੀਆਂ ਨੂੰ ਉਤਸ਼ਾਹਿਤ ਕੀਤਾ ਹੈ ਅਤੇ ਕਾਰਪੋਰੇਟ ਪੱਖੀ ਨੀਤੀਆਂ ਹੋਂਦ ਵਿੱਚ ਲਿਆਂਦੀਆਂ ਹਨ। ਬਾਰਡਰਾਂ 'ਤੇ ਸੰਘਰਸ਼ ਕਰ ਰਹੇ ਕਿਸਾਨਾਂ 'ਤੇ ਤਸ਼ੱਦਦ ਬੰਦ ਕੀਤਾ ਜਾਵੇ, ਹਰਿਆਣਾ ਸਰਕਾਰ ਵੱਲੋਂ ਕਿਸਾਨਾਂ 'ਤੇ ਗੋਲੀਬਾਰੀ ਕਰਨ ਦੀ ਸਖਤ ਸਬਦਾਂ ਵਿੱਚ ਨਿੰਦਾ ਕੀਤੀ ਗਈ। ਸ਼ਹੀਦ ਕਿਸਾਨ ਦੇ ਪਰਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਇਸ ਮੌਕੇ 'ਤੇ ਪਿਆਰਾ ਸਿੰਘ ਬੀਕਾਪੁਰ, ਇੰਦਰਜੀਤ ਸਿੰਘ ਫੌਜੀ, ਗੁਰਦੇਵ ਸਿੰਘ ਮਹੈਣ, ਨਰਿੰਦਰ ਸਿੰਘ ਮਾਵੀ, ਸਰਪੰਚ ਰਜਿੰਦਰ ਸਿੰਘ ਡੋਡ, ਤਿਲਕ ਰਾਜ ਡੋਡ ,ਦੀਪ ਸਿੰਘ ਸਮੀਰੋਵਾਲ, ਸੰਤੋਖ ਸਿੰਘ ਗੜਾ ਮੋੜਾ, ਸੇਵਾ ਸਿੰਘ ਦਬੂੜ, ਮੇਜਰ ਸਿੰਘ ਗੰਗੂਵਾਲ, ਵਿਵੇਕ ਸਰਮਾ, ਰੁਪਿੰਦਰ ਸਿੰਘ ਪੰਧੇਰ, ਹਰਪਾਲ ਸਿੰਘ ਮੋੜਾ, ਸੁੱਚਾ ਸਿੰਘ ਬਰੂਣਾ,ਦੀਪ ਸਿੰਘ ਸਮੀਰੋਵਾਲ ਸਮੇਤ ਹੋਰ ਵਰਕਰ ਹਾਜਰ। ਇਸ ਮੌਕੇ ਤੇ ਕੇਂਦਰ ਦੀ ਮੋਦੀ ਸਰਕਾਰ ਤੇ ਹਰਿਆਣਾ ਦੀ ਖੱਟਰ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜੀ ਕੀਤੀ ਗਈ।

ਚੰਡੀਗੜ੍ਹ ਮੇਅਰ ਚੋਣ : ਸੁਪਰੀਮ ਕੋਰਟ ਦਾ ਫੈਸਲਾ ਲੋਕਤੰਤਰ ਦੀ ਜਿੱਤ : ਆਪ

ਚੰਡੀਗੜ੍ਹ, (ਗੁਰਜੀਤ ਬਿੱਲਾ)

ਚੰਡੀਗੜ੍ਹ ਦੇ ਮੇਅਰ ਚੋਣਾਂ 'ਤੇ ਸੁਪਰੀਮ ਕੋਰਟ ਦੇ ਫੈਸਲੇ ਦਾ ਆਮ ਆਦਮੀ ਪਾਰਟੀ (ਆਪ) ਨੇ ਸਵਾਗਤ ਕੀਤਾ ਹੈ। ਪਾਰਟੀ ਨੇ ਆਪਣੇ ਉਮੀਦਵਾਰ ਕੁਲਦੀਪ ਕੁਮਾਰ ਨੂੰ ਮੇਅਰ ਐਲਾਨਣ ਦਾ ਇਹ ਇਤਿਹਾਸਕ ਫੈਸਲਾ ਦੇਣ ਲਈ ਸੁਪਰੀਮ ਕੋਰਟ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਫੈਸਲੇ ਤੋਂ ਬਾਅਦ ਸੱਚਮੁੱਚ ਲੋਕਤੰਤਰ ਦੀ ਜਿੱਤ ਹੋਈ ਹੈ।ਮੰਗਲਵਾਰ ਨੂੰ 'ਆਪ' ਚੰਡੀਗੜ੍ਹ ਦੇ ਸਹਿ-ਇੰਚਾਰਜ ਡਾ. ਸੰਨੀ ਆਹਲੂਵਾਲੀਆ ਨੇ ਚੰਡੀਗੜ੍ਹ ਕਾਂਗਰਸ ਦੇ ਪ੍ਰਧਾਨ ਐਚ.ਐਸ ਲੱਕੀ ਅਤੇ ਆਪ ਦੇ ਨਵੇਂ ਮੇਅਰ ਕੁਲਦੀਪ ਕੁਮਾਰ ਨਾਲ ਚੰਡੀਗੜ੍ਹ ਪਾਰਟੀ ਹੈੱਡਕੁਆਰਟਰ ਵਿਖੇ ਸਾਂਝੀ ਪ੍ਰੈਸ ਕਾਨਫਰੰਸ ਕੀਤੀ।ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਡਾ. ਆਹਲੂਵਾਲੀਆ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਨੇ ਚੰਡੀਗੜ੍ਹ 'ਚ ਆਪਣਾ ਮੇਅਰ ਬਣਾਉਣ 'ਚ ਕੋਈ ਕਸਰ ਬਾਕੀ ਨਹੀਂ ਛੱਡੀ। ਪਰ ਸੁਪਰੀਮ ਕੋਰਟ ਨੇ ਉਨ੍ਹਾਂ ਦੇ ਮਾੜੇ ਇਰਾਦਿਆਂ 'ਤੇ ਪਾਣੀ ਫੇਰ ਦਿੱਤਾ।ਉਨ੍ਹਾਂ ਕਿਹਾ ਕਿ ਭਾਜਪਾ ਮੇਅਰ ਦੀ ਚੋਣ ਹੀ ਨਹੀਂ ਕਰਵਾਉਣਾ ਚਾਹੁੰਦੀ ਸੀ ਕਿਉਂਕਿ ਉਸ ਨੂੰ ਪਤਾ ਸੀ ਕਿ ਕਾਂਗਰਸ ਅਤੇ ਆਮ ਆਦਮੀ ਪਾਰਟੀ ਕੋਲ 20 ਕੌਂਸਲਰ ਹਨ ਅਤੇ ਉਸ ਕੋਲ ਸਿਰਫ਼ 15 ਹਨ। ਬੜੀ ਮੁਸ਼ਕਲ ਨਾਲ 18 ਜਨਵਰੀ ਨੂੰ ਚੋਣਾਂ ਕਰਵਾਉਣ ਦਾ ਐਲਾਨ ਕੀਤਾ ਗਿਆ। ਫਿਰ ਚੋਣਾਂ ਤੋਂ ਠੀਕ ਪਹਿਲਾਂ ਉਨ੍ਹਾਂ ਦਾ ਪ੍ਰੀਜ਼ਾਈਡਿੰਗ ਅਫਸਰ ਬਿਮਾਰ ਹੋ ਗਿਆ ਅਤੇ ਚੋਣ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤੀ ਗਈ।ਫਿਰ ਸਾਨੂੰ ਚੋਣਾਂ ਕਰਵਾਉਣ ਲਈ ਹਾਈਕੋਰਟ ਜਾਣਾ ਪਿਆ। ਹਾਈ ਕੋਰਟ ਨੇ ਚੋਣਾਂ ਦੀ ਤਰੀਕ 30 ਜਨਵਰੀ ਤੈਅ ਕੀਤੀ ਸੀ ਪਰ ਭਾਜਪਾ ਨੇ ਚੋਣਾਂ ਵਿਚ ਧਾਂਦਲੀ ਕਰਨ ਦੀ ਸਾਜ਼ਿਸ਼ ਰਚੀ ਸੀ। ਭਾਜਪਾ ਵੱਲੋਂ ਨਿਯੁਕਤ ਪ੍ਰੀਜ਼ਾਈਡਿੰਗ ਅਫ਼ਸਰ ਅਨਿਲ ਮਸੀਹ ਨੇ ਜਾਣਬੁੱਝ ਕੇ ਸਾਡੀਆਂ ਅੱਠ ਵੋਟਾਂ ਰੱਦ ਕਰ ਦਿੱਤੀਆਂ ਅਤੇ ਘੱਟ ਗਿਣਤੀ ਵਿੱਚ ਹੋਣ ਦੇ ਬਾਵਜਦ ਭਾਜਪਾ ਦਾ ਮੇਅਰ ਐਲਾਨ ਦਿੱਤਾ। ਪਰ ਅੱਜ ਸੁਪਰੀਮ ਕੋਰਟ ਨੇ ਸਾਡੇ ਨਾਲ ਇਨਸਾਫ਼ ਕੀਤਾ ਹੈ। ਆਹਲੂਵਾਲੀਆ ਨੇ ਭਾਜਪਾ ਦੀ ਸਾਬਕਾ ਮੇਅਰ ਆਸ਼ਾ ਜੈਸਵਾਲ 'ਤੇ ਕੌਂਸਲਰ ਖਰੀਦਣ ਦੇ ਦੋਸ਼ ਲਾਏ। ਉਨ੍ਹਾਂ ਕਿਹਾ ਕਿ ਆਸ਼ਾ ਜੈਸਵਾਲ ਨੇ ਸਾਡੇ ਕੌਂਸਲਰ ਦਮਨਪ੍ਰੀਤ ਸਿੰਘ ਨੂੰ ਖਰੀਦਣ ਦੀ ਕੋਸ਼ਿਸ਼ ਕੀਤੀ।

ਆਹਲੂਵਾਲੀਆ ਨੇ ਮੀਡੀਆ ਨੂੰ ਉਹ ਵੀਡੀਓ ਵੀ ਦਿਖਾਇਆ ਜਿਸ ਵਿੱਚ ਆਸ਼ਾ ਜੈਸਵਾਲ ਦਮਨਪ੍ਰੀਤ ਨੂੰ ਭਾਜਪਾ ਵਿੱਚ ਸ਼ਾਮਲ ਹੋਣ ਲਈ ਆਰਥਕ ਲਾਲਚ ਦੇ ਰਹੀ ਸੀ। ਅੱਜ ਸੁਪਰੀਮ ਕੋਰਟ ਨੇ ਸਾਬਤ ਕਰ ਦਿੱਤਾ ਹੈ ਕਿ ਆਖਰਕਾਰ ਸੱਚ ਦੀ ਜਿੱਤ ਹੁੰਦੀ ਹੈ। ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਾਂਗਰਸ ਚੰਡੀਗੜ੍ਹ ਦੇ ਪ੍ਰਧਾਨ ਐਚ.ਐਸ.ਲੱਕੀ ਨੇ ਵੀ ਸੁਪਰੀਮ ਕੋਰਟ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੱਜ ਸੁਪਰੀਮ ਕੋਰਟ ਨੇ ਸਾਬਤ ਕਰ ਦਿੱਤਾ ਹੈ ਕਿ ਆਖਰਕਾਰ ਸੱਚ ਦੀ ਜਿੱਤ ਹੁੰਦੀ ਹੈ। ਅੱਜ ਲੋਕਤੰਤਰ ਦੀ ਜਿੱਤ ਹੋਈ ਹੈ। ਉਨ੍ਹਾਂ ਕਿਹਾ ਕਿ ਅਸੀਂ ਆਮ ਆਦਮੀ ਪਾਰਟੀ ਨਾਲ ਮਿਲ ਕੇ ਮੇਅਰ ਚੋਣਾਂ ਵਿਚ ਧਾਂਦਲੀ ਦਾ ਹਰ ਫਰੰਟ 'ਤੇ ਡਟ ਕੇ ਮੁਕਾਬਲਾ ਕੀਤਾ। ਅੱਜ ਸਾਡਾ ਸੰਘਰਸ਼ ਸਫਲ ਹੋਇਆ ਹੈ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਦੇ ਫੈਸਲੇ ਨਾਲ ਲੋਕਤੰਤਰ ਵਿੱਚ ਵਿਸ਼ਵਾਸ ਰੱਖਣ ਵਾਲੇ ਦੇਸ਼-ਵਿਦੇਸ਼ ਵਿੱਚ ਵੱਸਦੇ ਸਮੂਹ ਭਾਰਤੀਆਂ ਵਿੱਚ ਖੁਸ਼ੀ ਦੀ ਲਹਿਰ ਹੈ।

ਜਸਵੀਰ ਰਾਜਾ ਨੇ ਵੱਖ-ਵੱਖ ਪਿੰਡਾਂ 'ਚ ਲਗਾਏ ਕੈਂਪਾਂ ਦਾ ਕੀਤਾ ਦੌਰਾ

ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)

ਪੰਜਾਬ ਦੀ ਆਮ ਆਦਮੀ ਪਾਰਟੀ ਨੇ ਜੋ ਵਾਅਦੇ ਲੋਕਾਂ ਨਾਲ ਸੱਤਾ ਸੰਭਾਲਣ ਤੋਂ ਪਹਿਲਾਂ ਕੀਤੇ ਸਨ ਉਨ੍ਹਾਂ ਵਾਅਦਿਆਂ ਨੂੰ ਇੱਕ-ਇੱਕ ਕਰਕੇ ਪੂਰਾ ਕੀਤਾ ਜਾ ਰਿਹਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੂਬਾਈ ਮੀਤ ਪ੍ਰਧਾਨ ਤੇ ਵਿਧਾਇਕ ਹਲਕਾ ਟਾਂਡਾ ਜਸਵੀਰ ਸਿੰਘ ਰਾਜਾ ਨੇ ਵੱਖ-ਵੱਖ ਪਿੰਡਾਂ ਵਿੱਚ ਲਗਾਏ ਗਏ ਸਰਕਾਰ ਆਪਕੇ ਦੁਆਰ ਤਹਿਤ ਕੈਂਪਾਂ ਦਾ ਦੌਰਾ ਕਰਨ ਸਮੇਂ ਕੀਤਾ। ਇਸ ਮੌਕੇ ਵਿਧਾਇਕ ਰਾਜਾ ਨੇ ਆਪਣੀ ਸਮੁੱਚੀ ਟੀਮ ਸਮੇਤ ਪਿੰਡ ਝਾਵਾਂ, ਕੰਧਾਲਾ ਸੇਖਾਂ, ਕੰਧਾਲੀ ਨਰੰਗਪੁਰ ਅਤੇ ਪਿੰਡ ਭਾਗੀਆਂ ਵਿੱਚ ਲਗਾਏ ਇਨ੍ਹਾਂ ਕੈਂਪਾਂ ਦਾ ਦੌਰਾ ਕੀਤਾ ਅਤੇ ਲੋਕਾਂ ਦੀਆਂ ਮੁਸ਼ਕਲਾਂ ਸੁਣਨ ਉਪਰੰਤ ਕੈਂਪ ਵਿੱਚ ਮੌਜੂਦ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਇਨ੍ਹਾਂ ਮੁਸ਼ਕਲਾਂ ਅਤੇ ਕੰਮ ਜਲਦ ਤੋਂ ਜਲਦ ਤੇ ਵਧੀਆ ਤਰੀਕੇ ਨਾਲ ਹੱਲ ਕਰਨ ਦੀਆਂ ਹਦਾਇਤਾਂ ਕੀਤੀਆਂ। ਇਸ ਮੌਕੇ ਇਨ੍ਹਾਂ ਚਾਰਾਂ ਪਿੰਡਾਂ ਵਿੱਚ ਲਗਾਏ ਗਏ ਕੈਂਪਾਂ ਦੌਰਾਨ ਪ੍ਰਾਪਤ ਹੋਈਆਂ 300 ਤੋਂ ਉੱਪਰ ਅਰਜ਼ੀਆਂ 'ਚ ਕਰੀਬ 250 ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਗਿਆ। ਇਸ ਮੌਕੇ ਬਲਾਕ ਪ੍ਰਧਾਨ ਕੇਸ਼ਵ ਸਿੰਘ ਸੈਣੀ, ਡੀ.ਐਸ.ਪੀ ਟਾਂਡਾ ਹਰਜੀਤ ਸਿੰਘ ਰੰਧਾਵਾ, ਐਸ.ਐਚ.ਓ ਟਾਂਡਾ ਗੁਰਵਿੰਦਰਜੀਤ ਸਿੰਘ ਨਾਗਰਾ, ਨਾਇਬ ਤਹਸੀਲਦਾਰ ਗੁਰਪ੍ਰੀਤ ਸਿੰਘ, ਬੀ.ਡੀ.ਪੀ ਓ ਦਿਲਪ੍ਰੀਤ ਸਿੰਘ, ਐਸ.ਐਮ.ਓ ਟਾਂਡਾ ਡਾ. ਕਰਨ ਕੁਮਾਰ ਸੈਣੀ, ਐਸ.ਡੀ.ਓ ਸੁਖਵੰਤ ਸਿੰਘ, ਸਰਪੰਚ ਸੁਖਵਿੰਦਰਜੀਤ ਸਿੰਘ ਝਾਵਰ, ਨਵਜੋਤ ਸਿੰਘ ਸੈਣੀ, ਅਤਵਾਰ ਸਿੰਘ ਪਲਾ ਚੱਕ, ਗੁਰਦੀਪ ਸਿੰਘ ਹੈਪੀ, ਕਲਰਕ ਨੀਰਜ ਕੁਮਾਰ, ਕਰਮਜੀਤ ਝਾਵਰ, ਬਿੱਟਾ ਝਾਵਾਂ, ਨੰਬਰਦਾਰ ਮੱਖਣ ਜਤਿੰਦਰ, ਸਿੰਘ ਝਾਵਰ, ਇਲਾਵਾ ਹੋਰ ਪਿੰਡਾਂ ਦੇ ਲੋਕ ਵੀ ਮੌਜੂਦ ਸਨ।

ਕਪੂਰ ਨੂੰ ਹਲਕਾ ਇੰਚਾਰਜ ਨਿਯੁਕਤ ਕਰਨ 'ਤੇ ਪਾਰਟੀ ਦਾ ਧੰਨਵਾਦ

ਕਾਲਾ ਸੰਘਿਆਂ (ਮਨਜੀਤ ਮਾਨ) ਆਮ ਆਦਮੀ ਪਾਰਟੀ ਕਾਲਾ ਸੰਘਿਆਂ ਦੇ ਬਲਾਕ ਪ੍ਰਧਾਨ ਸਤਨਾਮ ਸਿੰਘ ਸੰਘਾ ਅਤੇ ਮੁਲਾਜਮ ਆਗੂ ਸੰਜੀਵ ਕੌਂਡਲ ਨੇ ਪਾਰਟੀ ਦੇ ਪੁਰਾਣੇ ਵਰਕਰ ਤੇ ਸੂਬਾ ਸੰਯੁਕਤ ਸਕੱਤਰ ਗੁਰਸਰਨ ਕਪੂਰ ਨੂੰ ਵਿਧਾਨ ਸਭਾ ਕਪੂਰਥਲਾ ਦਾ ਹਲਕਾ ਇੰਚਾਰਜ ਨਿਯੁਕਤ ਕਰਨ 'ਤੇ ਪਾਰਟੀ ਦਾ ਧੰਨਵਾਦ ਕੀਤਾ। ਪਾਰਟੀ ਦੇ ਬਲਾਕ ਪ੍ਰਧਾਨ ਦਲਵੀਰ ਰਾਣਾ,ਪਰਮਜੀਤ ਸਿੰਘ ਖਾਲਸਾ,ਗੁਰਮੇਲ ਸਿੰਘ ਸੀਨੀਅਰ ਆਗੂ ਬਿੱਲੂ ਸਹਿਰੀਆਂ, ਬਲਾਕ ਸੋਸ਼ਲ ਮੀਡੀਆ ਇੰਚਾਰਜ ਨਰਿੰਦਰ ਸਿੰਘ ਸੰਘਾ , ਬਲਕਾਰ ਲਾਲਕਾ, ਵਿਜੇ ਅਰੋੜਾ ਆਦਿ ਸਾਰਿਆਂ ਨੇ ਗੁਰਸਰਨ ਕਪੂਰ ਨੂੰ ਹਲਕਾ ਇੰਚਾਰਜ ਨਿਯੁਕਤ ਹੋਣ 'ਤੇ ਫੋਨ ਕਰਕੇ ਵਧਾਈ ਦਿੱਤੀ। ਮੁਲਾਜ਼ਮ ਆਗੂ ਸੰਜੀਵ ਕੌਂਡਲ ਨੇ ਦੱਸਿਆ ਕਿ ਇਕ ਪੁਰਾਣੇ ਵਰਕਰ ਨੂੰ ਹਲਕਾ ਇੰਚਾਰਜ ਨਿਯੁਕਤ ਕਰਨਾ ਬਹੁਤ ਵਧੀਆ ਫੈਸਲਾ ਹੈ, ਇਸ ਨਾਲ ਸਾਰੇ ਵਲੰਟੀਅਰਾਂ ਵਿੱਚ ਭਾਰੀ ਖੁਸ਼ੀ ਪਾਈ ਜਾ ਰਹੀ ਹੈ।

ਪ ਸ ਸ ਫ ਵੱਲੋਂ ਉੱਪ ਮੰਡਲ ਇੰਜੀਨੀਅਰ ਜਲ ਨਿਕਾਸ ਦਸੂਹਾ ਨੂੰ ਧਰਨੇ ਦਾ ਨੋਟਿਸ

ਦਸੂਹਾ, (ਇੰਦਰਜੀਤ ਵਿਰਦੀ)

ਸੂਬੇ ਦੇ ਸਮੁੱਚੇ ਮੁਲਾਜ਼ਮਾਂ ਦੀ ਸੰਘਰਸ਼ਸ਼ੀਲ ਜੱਥੇਬੰਦੀ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (ਪ.ਸ.ਸ.ਫ.) ਜ਼ਿਲ੍ਹਾ ਹੁਸ਼ਿਆਰਪੁਰ ਦਾ ਇੱਕ ਵਫਦ ਜ਼ਿਲ੍ਹਾ ਜਨਰਲ ਸਕੱਤਰ ਇੰਦਰਜੀਤ ਵਿਰਦੀ ਦੀ ਅਗਵਾਈ ਹੇਠ ਉੱਪ ਮੰਡਲ ਇੰਜੀਨੀਅਰ ਜਲ ਨਿਕਾਸ ਕਮ ਮਾਇਨਿੰਗ ਦਸੂਹਾ ਨੂੰ ਉਹਨਾਂ ਦੇ ਦਫਤਰ ਵਿਖੇ ਮਿਲਣ ਗਿਆ ਪ੍ਰੰਤੂ ਇਸ ਅਧਿਕਾਰੀ ਦੀ ਗੈਰ ਮੌਜੂਦਗੀ ਕਾਰਣ ਜੱਥੇਬੰਦੀ ਵਲੋਂ ਅਧਿਕਾਰੀ ਵਲੋਂ ਜੱਥੇਬੰਦੀ ਦੇ ਆਗੂ ਨਾਲ ਬਦਲਾ ਲਊ ਭਾਵਨਾ ਨਾਲ ਕੀਤੀ ਜਾ ਰਹੀ ਕਾਰਵਾਈ ਵਿਰੁੱਧ ਧਰਨੇ ਦਾ ਨੋਟਿਸ ਦਿੱਤਾ ਗਿਆ। ਜੱਥੇਬੰਦੀ ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ ਨੇ ਦੱਸਿਆ ਕਿ ਜੱਥੇਬੰਦੀਆਂ ਦੇ ਆਗੂਆਂ ਵਲੋਂ ਮੁਲਾਜ਼ਮਾਂ ਦੀਆਂ ਮੰਗਾਂ ਅਤੇ ਸਮੱਸਿਆਵਾਂ ਨੂੰ ਉਜਾਗਰ ਕਰਕੇ ਅਧਿਕਾਰੀਆਂ ਧਿਆਨ

22-Feb-PAGE-9.qxd 2/21/2024 10:16 PM Page 1

ਨੰਬਰਦਾਰ ਯੂਨੀਅਨ ਪੰਜਾਬ ਵੱਲੋਂ 7 ਮਾਰਚ ਨੂੰ ਸੰਗਰੂਰ ਵਿਖੇ ਹੋਵੇਗਾ ਸੂਬਾ ਪੱਧਰੀ ਧਰਨਾ

ਜਲੰਧਰ (ਰਾਜੇਸ਼ ਥਾਪਾ)

ਨੰਬਰਦਾਰ ਯੂਨੀਅਨ ਪੰਜਾਬ ਵੱਲੋਂ ਜਲੰਧਰ ਤਹਿਸੀਲ ਕੰਪਲੈਕਸ ਵਿਖੇ ਬਣੇ ਨੰਬਰਦਾਰਾ ਯੂਨੀਅਨ ਪੰਜਾਬ ਦੇ ਦਫ਼ਤਰ ਵਿੱਚ ਇੱਕ ਮੀਟਿੰਗ ਕੀਤੀ ਗਈ। ਇਹ ਮੀਟਿੰਗ ਨੰਬਰਦਾਰ ਯੂਨੀਅਨ ਜਲੰਧਰ ਸ਼ਹਿਰੀ ਦੇ ਪ੍ਰਧਾਨ ਗੁਰਦੇਵ ਲਾਲ ਸੰਧੂ ਅਤੇ ਦਿਹਾਤੀ ਪ੍ਰਧਾਨ ਹਰਕੰਵਲ ਸਿੰਘ ਮੁੱਧ ਦੀ ਅਗਵਾਈ ਵਿੱਚ ਹੋਈ। ਇਸ ਮੌਕੇ ਜਲੰਧਰ ਜ਼ਿਲ੍ਹੇ ਦੇ ਸਮੂਹ ਆਗੂਆਂ ਨੇ ਹਿੱਸਾ ਲਿਆ। ਇਸ ਮੀਟਿੰਗ ਵਿਚ ਨੰਬਰਦਾਰ ਯੂਨੀਅਨ ਪੰਜਾਬ ਦੇ ਪ੍ਰਧਾਨ ਗੁਰਪਾਲ ਸਿੰਘ ਸਮਰਾ ਉਚੇਚੇ ਤੌਰ 'ਤੇ ਹਾਜ਼ਰ ਹੋਏ। ਇਸ ਮੀਟਿੰਗ ਵਿੱਚ ਸ਼ਾਮਲ ਹੋਏ ਜਲੰਧਰ ਜ਼ਿਲ੍ਹੇ ਦੇ ਸਮੂਹ ਅਹੁਦੇਦਾਰਾਂ ਨੇ ਆਪਣੇ ਵਿਚਾਰ ਪੇਸ਼ ਕੀਤੇ।

ਇਸ ਮੌਕੇ ਨੰਬਰਦਾਰ ਯੂਨੀਅਨ ਜਲੰਧਰ ਸ਼ਹਿਰੀ ਦੇ ਪ੍ਰਧਾਨ ਗੁਰਦੇਵ ਲਾਲ ਸੰਧੂ ਨੇ ਕਿਹਾ ਕਿ 7 ਮਾਰਚ ਨੂੰ ਕੀਤੀ ਜਾ ਰਹੀ ਪੰਜਾਬ ਪੱਧਰੀ ਰੈਲੀ ਵਿੱਚ ਜਲੰਧਰ ਸ਼ਹਿਰੀ ਦੇ ਸਮੂਹ ਨੰਬਰਦਾਰ ਸ਼ਾਮਲ ਹੋਣਗੇ ਅਤੇ ਸਰਕਾਰ ਕੋਲੋਂ ਆਪਣੀਆਂ ਹੱਕੀ ਮੰਗਾਂ ਮਨਵਾਉਣ ਲਈ ਧਰਨਾ ਦੇਣਗੇ। ਇਸ ਮੌਕੇ ਨੰਬਰਦਾਰ ਯੂਨੀਅਨ ਜਲੰਧਰ ਦਿਹਾਤੀ ਦੇ ਪ੍ਰਧਾਨ ਹਰਕੰਵਲ ਸਿੰਘ ਮੁੱਧ ਨੇ ਕਿਹਾ ਕਿ ਬੜੇ ਲੰਬੇ ਸਮੇਂ ਤੋਂ ਨੰਬਰਦਾਰ ਆਪਣੀਆਂ ਮੰਗਾਂ ਨੂੰ ਲੈ ਕੇ ਸੰਘਰਸ਼ ਕਰ ਰਹੇ ਹਨ ਪਰ ਸਰਕਾਰ ਦੇ ਕੰਨਾਂ 'ਤੇ ਜੂੰ ਨਹੀਂ ਸਰਕ ਰਹੀ। ਇਸ ਮੌਕੇ ਨੰਬਰਦਾਰ ਯੂਨੀਅਨ ਪੰਜਾਬ ਦੇ ਪ੍ਰਧਾਨ ਗੁਰਪਾਲ ਸਿੰਘ ਸਮਰਾ ਨੇ ਕਿਹਾ ਕਿ ਪੰਜਾਬ ਨੰਬਰਦਾਰ ਯੂਨੀਅਨ ਹਮੇਸ਼ਾ ਹੀ ਨੰਬਰਦਾਰਾਂ ਦੀਆਂ ਬੇਹਤਰੀ ਲਈ ਕੰਮ ਕਰਦੀ ਆਈ ਹੈ। ਉਨ੍ਹਾਂ ਕਿਹਾ ਕਿ ਨੰਬਰਦਾਰਾਂ ਦੀਆਂ ਮੰਗਾਂ ਨੂੰ ਹਮੇਸ਼ਾ ਅਸੀਂ ਸਰਕਾਰ ਦੇ ਅੱਗੇ ਰੱਖਿਆ ਅਤੇ ਮੰਤਰੀਆਂ ਤੋਂ ਲੈ ਕੇ ਐਮ ਪੀ ਤੱਕ ਮੀਟਿੰਗ ਕੀਤੀ। ਇਸ ਮੌਕੇ ਤੇ ਪੰਜਾਬ ਪ੍ਰਧਾਨ ਗੁਰਪਾਲ ਸਿੰਘ ਸਮਰਾ ਨੇ ਕਿਹਾ ਕਿ ਜੇ ਫਿਰ ਵੀ ਸਰਕਾਰ ਨੇ ਨੰਬਰਦਾਰਾਂ ਦੀਆਂ ਮੰਗਾਂ ਨੂੰ ਨਾ ਮੰਨਿਆ ਤਾਂ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ। ਇਸ ਮੌਕੇ ਸਮੂਹ ਨੰਬਰਦਾਰਾਂ ਵੱਲੋਂ ਸੱਤ ਮਾਰਚ ਦੀ ਰੈਲੀ ਨੂੰ ਸਫਲ ਬਣਾਉਣ ਲਈ ਵਿਉਂਤਬੰਦੀ ਵੀ ਬਣਾਈ ਗਈ। ਨੰਬਰਦਾਰ ਯੂਨੀਅਨ ਪੰਜਾਬ ਦੇ ਮੁੱਖ ਬੁਲਾਰਾ ਨੰਬਰਦਾਰ ਚਰਨਜੀਤ ਸਿੰਘ, ਸਬ ਤਹਿਸੀਲ ਭੋਗਪੁਰ ਦੇ ਪ੍ਰਧਾਨ ਨੰਬਰਦਾਰ ਸਵਰਨ ਸਿੰਘ, ਪ੍ਰਧਾਨ ਸਬ ਤਹਿਸੀਲ ਕਰਤਾਰਪੁਰ ਨੰਬਰਦਾਰ ਭਜਨ ਸਿੰਘ, ਜਲੰਧਰ ਤਹਿਸੀਲ ਪ੍ਰਧਾਨ-1 ਨੰਬਰਦਾਰ ਮੰਗਾ ਸਿੰਘ ਸ਼ੇਰਗਿਲ, ਜਲੰਧਰ ਤਹਿਸੀਲ -2 ਦੇ ਪ੍ਰਧਾਨ ਨੰਬਰਦਾਰ ਕੈਲਾਸ਼ ਕੁਮਾਰ, ਜਲੰਧਰ ਤਹਿਸੀਲ -2 ਦੇ ਵਾਈਸ ਪ੍ਰਧਾਨ ਨੰਬਰਦਾਰ ਦਰਸ਼ਨ ਕੁਮਾਰ,ਨੰਬਰਦਾਰ ਅਸ਼ੈਬ ਸਿੰਘ, ਨੰਬਰਦਾਰ ਦਰਸ਼ਨ ਸਿੰਘ, ਨੰਬਰਦਾਰ ਸੁਰਿੰਦਰ ਸਿੰਘ, ਨੰਬਰਦਾਰ ਨਵਜੋਤ ਸਿੰਘ, ਨੰਬਰਦਾਰ ਜਰਨੈਲ ਸਿੰਘ, ਨੰਬਰਦਾਰ ਵਿਦਿਆ ਸਾਗਰ, ਨੰਬਰਦਾਰ ਇੰਦਰਜੀਤ ਸਿੰਘ, ਨੰਬਰਦਾਰ ਮਦਨ ਲਾਲ, ਨੰਬਰਦਾਰ ਸਤਪਾਲ ਸਿੰਘ, ਨੰਬਰਦਾਰ ਸਰਬਜੀਤ ਸਿੰਘ , ਨੰਬਰਦਾਰ ਹਰਜਿੰਦਰ ਸਿੰਘ, ਨੰਬਰਦਾਰ ਸੁਖਵਿੰਦਰ ਸਿੰਘ, ਨੰਬਰਦਾਰ ਰੇਸ਼ਮ ਪਾਲ ਸਿੰਘ ਬਿੱਟਾ, ਨੰਬਰਦਾਰ ਰਜਿੰਦਰ ਕੁਮਾਰ, ਨੰਬਰਦਾਰ ਤਰਸੇਮ ਲਾਲ, ਨੰਬਰਦਾਰ ਬਲਵਿੰਦਰ ਬੰਗਾ, ਨੰਬਰਦਾਰ ਹਰਭਜਨ ਸਿੰਘ, ਨੰਬਰਦਾਰ ਸੁਨੀਲ ਬਾਲੀ, ਨੰਬਰਦਾਰ ਹਰਿੰਦਰ ਪਾਲ, ਨੰਬਰਦਾਰ ਅਰਸ਼ਦੀਪ, ਨੰਬਰਦਾਰ ਰਾਮ ਸਿੰਘ, ਨੰਬਰਦਾਰ ਕੁਲਵੰਤ ਸਿੰਘ, ਨੰਬਰਦਾਰ ਲਖਵਿੰਦਰ ਸਿੰਘ, ਨੰਬਰਦਾਰ ਮਨਜੀਤ ਸਿੰਘ ਭੋਗਪੁਰ, ਨੰਬਰਦਾਰ ਤੇਜਿੰਦਰ ਕੁਮਾਰ, ਨੰਬਰਦਾਰ ਸੰਤੋਖ ਸਿੰਘ, ਨੰਬਰਦਾਰ ਗੁਰਸਰਨ ਜੀਤ ਸਿੰਘ, ਨੰਬਰਦਾਰ ਜਗੀਰ ਸਿੰਘ, ਨੰਬਰਦਾਰ ਸਤਪਾਲ ਸਿੰਘ, ਪ੍ਰਧਾਨ ਨਕੋਦਰ ਨੰਬਰਦਾਰ ਸੁਰਜੀਤ ਸਿੰਘ ਹੇਅਰ, ਨੰਬਰਦਾਰ ਹਰਦਿਆਲ ਸਿੰਘ, ਹਰਨੇਕ ਸਿੰਘ ਲੋਹੀਆਂ ਪ੍ਰਧਾਨ ਲੋਹੀਆ, ਨੰਬਰਦਾਰ ਮਨਜੀਤ ਲਾਲ ਕੋਟਲਾ, ਆਦਿ ਨੰਬਰਦਾਰ ਮੌਜੂਦ ਸਨ।

ਸੇਂਟ ਸੋਲਜਰ ਲਾਅ ਕਾਲਜ ਦੇ ਵਿਦਿਆਰਥੀਆਂ ਨੇ ਹਾਸਲ ਕੀਤੀਆਂ ਉਪਲੱਬਧੀਆਂ

ਜਲੰਧਰ -(ਇਕਬਾਲ ਸਿੰਘ ਉਭੀ) -ਸਥਾਨਕ ਸੇਂਟ ਸੋਲਜਰ ਲਾਅ ਕਾਲਜ ਦੇ ਵਿਦਿਆਰਥੀਆਂ ਨੇ 38ਵੇਂ ਆਲ ਇੰਡੀਆ ਲੋਕ ਕਲਾ ਮੁਕਾਬਲੇ 2024 ਦੇ ਵੱਖ-ਵੱਖ ਮੁਕਾਬਲਿਆਂ ਵਿੱਚ ਭਾਗ ਲੈ ਕੇ ਪ੍ਰਾਪਤੀਆਂ ਕੀਤੀਆਂ। ਜਿਸ ਦੀ ਅਗਵਾਈ ਕਾਲਜ ਦੇ ਡਾਇਰੈਕਟਰ ਐਸ. ਸੀ. ਸ਼ਰਮਾ ਅਤੇ ਸਮੂਹ ਸਟਾਫ਼ ਮੈਂਬਰਾਂ ਦੀ ਦੇਖ-ਰੇਖ ਹੇਠ ਕੀਤੀ। ਇਸ ਮੌਕੇ ਲੋਕ ਗੀਤ, ਕਵਿਤਾ, ਲੋਕ ਨਾਚ, ਫੈਂਸੀ ਡਰੈੱਸ, ਸਕਿੱਟ, ਕਵੀਸ਼ਰੀ ਆਦਿ ਮੁਕਾਬਲੇ ਕਰਵਾਏ ਗਏ। ਜਿਨ੍ਹਾਂ ਵਿੱਚ ਪਹਿਲਾ ਸਥਾਨ ਦਿਵਿਆ (ਫੈਂਸੀ ਡਰੈੱਸ), ਤੀਜਾ ਸਥਾਨ ਨਿਮਰਜੋਤ ਕੌਰ, ਦੂਸਰਾ ਸਥਾਨ ਕਵੀਸ਼ਰੀ (ਗਰੁੱਪ), ਬਲਰਾਜ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ (ਲੋਕ ਗੀਤ) (ਗਿੱਧਾ) (ਭੰਗੜਾ) (ਸਕਿੱਟ) (ਲੋਕ ਗੀਤ ਗਰੁੱਪ) 'ਚ ਕਾਲਜ ਦੇ ਵਿਦਿਆਰਥੀਆਂ ਨੇ ਮੁਕਾਬਲੇ 'ਚ ਬੜੇ ਉਤਸ਼ਾਹ ਨਾਲ ਭਾਗ ਲਿਆ। ਇਸ ਮੌਕੇ ਚੇਅਰਮੈਨ ਅਨਿਲ ਚੋਪੜਾ ਅਤੇ ਚੇਅਰਪਰਸਨ ਸੰਗੀਤਾ ਚੋਪੜਾ ਨੇ ਸਾਰੇ ਬੱਚਿਆਂ ਨੂੰ ਵਧਾਈ ਦਿੱਤੀ ਅਤੇ ਅੱਗੇ ਵਧਣ ਲਈ ਪ੍ਰੇਰਿਤ ਕੀਤਾ।

ਸੂਬੇ ਦੇ ਹਰ ਵਰਗ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕਰਨ ਲਈ ਵਿਆਪਕ ਯੋਜਨਾ ਲਾਗੂ : ਬੈਂਸ

ਭਲਾਣ (ਹਰਭਜਨ ਢਿੱਲੋਂ)

'ਆਪ ਦੀ ਸਰਕਾਰ, ਆਪ ਦੇ ਦੁਆਰ' ਤਹਿਤ ਆਯੋਜਿਤ ਕੈਂਪਾਂ 'ਚ ਸਰਕਾਰੀ ਸੇਵਾਵਾਂ ਮੌਕੇ 'ਤੇ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਦੇ ਹਰ ਵਰਗ ਨੂੰ ਆਰਥਿਕ ਤੌਰ 'ਤੇ ਮਜਬੂਤ ਕਰਨ ਲਈ ਵਿਆਪਕ ਯੋਜਨਾਵਾਂ ਲਾਗੂ ਕੀਤੀਆਂ ਹਨ। 90 ਪ੍ਰਤੀਸ਼ਤ ਘਰਾਂ ਦੇ ਬਿਜਲੀ ਦੇ ਬਿੱਲ ਜੀਰੋ ਆ ਰਹੇ ਹਨ, ਸਰਕਾਰ ਤੁਹਾਡੇ ਦੁਆਰ ਪ੍ਰੋਗਰਾਮ ਤਹਿਤ ਸੂਬੇ ਦਾ ਹਰ ਕੋਨਾ ਛੂਹਣ ਦੀ ਮੁਹਿਮ ਅਰੰਭ ਕੀਤੀ ਗਈ ਹੈ। 113 ਕੈਂਪ ਹਲਕੇ ਵਿਚ ਮੁਕੰਮਲ ਹੋਏ ਹਨ, ਹਰ ਕੈਂਪ ਵਿੱਚ ਨੇੜਲੇ ਪਿੰਡਾਂ ਨੂੰ ਵੱਡੇ ਗੱਫੇ ਦਿੱਤੇ ਜਾ ਰਹੇ ਹਨ। ਭੱਲੜੀ ਵਿਚ 14 ਲੱਖ ਰੁਪਏ ਦੀ ਲਾਗਤ ਨਾਲ ਡੂੰਘਾ ਟਿਊਬਵੈਲ ਬੋਰ ਕਰਵਾ ਕੇ ਸਾਫ ਪੀਣ ਵਾਲਾ ਪਾਣੀ ਮੁਹੱਇਆ ਕਰਵਾਇਆ ਹੈ। ਪਲਾਸੀ ਅਤੇ ਦਘੇੜ ਵਿੱਚ ਸੋਲਡ ਵੇਸਟ ਮੈਨੇਜਮੈਂਟ ਪ੍ਰੋਜੈਕਟ, ਸਮਸ਼ਾਨ ਘਾਟ, ਸਰਕਾਰੀ ਪ੍ਰਾਇਮਰੀ ਸਕੂਲ ਦਾ ਨਵੀਨੀਕਰਨ ਅਤੇ ਖੇਤਰ ਨੂੰ ਹਰਿਆ ਭਰਿਆ ਰੱਖਣ ਲਈ 1200 ਬੂਟਿਆਂ ਦੀ ਸੌਗਾਤ ਦਿੱਤੀ ਹੈ। ਇਹ ਪ੍ਰਗਟਾਵਾ ਹਰਜੋਤ ਸਿੰਘ ਬੈਂਸ ਕੈਬਿਨਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ ਤੇ ਭਾਸ਼ਾ ਵਿਭਾਗ ਪੰਜਾਬ ਨੇ ਭੱਲੜੀ, ਮਜਾਰੀ, ਕੁਲਗਰਾਂ, ਪਲਾਸੀ, ਦਿਆਪੁਰ, ਦਘੇੜ ਵਿੱਚ ਲੱਗੇ ਆਪ ਦੀ ਸਰਕਾਰ ਆਪ ਦੇ ਦੁਆਰ ਕੈਂਪ ਵਿੱਚ ਸ਼ਮੂਲੀਅਤ ਕਰਨ ਮੌਕੇ ਇਲਾਕਾ ਵਾਸੀਆ ਨੂੰ ਸੰਬੋਧਨ ਕਰਦੇ ਹੋਏ ਕੀਤਾ। ਇਸ ਮੌਕੇ ਤਹਿਸੀਲਦਾਰ ਸੰਦੀਪ ਕੁਮਾਰ, ਡਾ.ਸੰਜੀਵ ਗੌਤਮ, ਚੇਅਰਮੈਨ ਰਾਕੇਸ ਮਹਿਲਵਾਂ, ਹਰਪਾਲ ਸਿੰਘ ਭੱਲੜੀ, ਬਲਾਕ ਪ੍ਰਧਾਨ ਰਾਕੇਸ਼ ਵਰਮਾ, ਜਸਪ੍ਰੀਤ ਸਿੰਘ ਜੇ.ਪੀ, ਰੋਕੀ ਸੁਖਸਾਲ ਬਲਾਕ ਪ੍ਰਧਾਨ, ਪ੍ਰਿੰ.ਗੁਰਨਾਮ ਸਿੰਘ ਭੱਲੜੀ,ਦੀਪਕ ਗੋਇਲ ਐਸ.ਡੀ.ਓ, ਜੇ.ਈ ਅਜੇਪਾਲ, ਤਰਵੇਸ ਦਘੇੜ, ਸੁਰੇਸ ਪ੍ਰਧਾਨ ਦਘੇੜ, ਜਸਵੀਰ ਮਜਾਰੀ, ਸ਼ਿਵ ਮਜਾਰੀ, ਸੁਭਾਸ ਪਲਾਸੀ, ਗੁਰਨਾਮ ਸਿੰਘ, ਜਸਪਾਲ ਸਿੰਘ ਢਾਹੇ ਬਲਾਕ ਪ੍ਰਧਾਨ, ਤਰਸੇਮ ਸੈਣੀ ਬਲਾਕ ਪ੍ਰਧਾਨਲ ,ਬਲਵੰਤ ਮੰਡੇਰ ਬਲਾਕ ਪ੍ਰਧਾਨ, ਨਿਤਿਨ ਪੁਰੀ ਭਲਾਣ, ਦਲੇਲ ਸਿੰਘ ਫੌਜੀ, ਜਗਤਾਰ ਸਿੰਘ, ਦੀਪ ਸਿੰਘ ਝਾਂਗਰਾ, ਸੋਹਣ ਸਿੰਘ ਗਰੇਵਾਲ, ਵਰਜੀਤ ਸਿੰਘ ਲੱਕੀ, ਸੁਖਵੰਤ ਸਿੰਘ ਤੰਬੜ, ਸਤਪਾਲ, ਓਮ ਪ੍ਰਕਾਸ਼ ਸ਼ਰਮਾ, ਕੈਪਟਨ ਸੁੱਚਾ ਸਿੰਘ, ਤਿਲਕਰਾਜ ਸਿੰਘ, ਬਲਵੰਤ ਸਿੰਘ ਪੰਚ ,ਬਿੱਕਰ ਸਿੰਘ, ਮੱਖਣ ਸਿੰਘ, ਬਲਮ ਸਿੰਘ, ਬਿੱਲਾ ਮਹਿਲਵਾਂ, ਅਸਵਨੀ ਨਾਨਗਰਾ, ਜਸਵਿੰਦਰ ਭੰਗਲਾ, ਸੁਰੇਸ਼ ਦਘੇੜ, ਪਹੂ ਲਾਲ ਸ਼ਰਮਾ ਆਦਿ ਹਾਜ਼ਰ ਸਨ।

ਕਿਸਾਨਾਂ ਸੰਗੋਵਾਲ ਟੋਲ ਪਲਾਜ਼ੇ 'ਤੇ ਦਿੱਤਾ ਧਰਨਾ

ਮਹਿਤਪੁਰ (ਰਾਜਾ)

ਇੱਥੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਤਿੰਨ ਦਿਨਾਂ ਤੱਕ ਭਾਜਪਾ ਮੰਤਰੀਆਂ ਵਿਧਾਇਕਾਂ ਘਰਾਂ ਮੂਹਰੇ ਧਰਨੇ ਦੇਣ ਅਤੇ ਟੋਲ ਪਲਾਜੇ ਫਰੀ ਕਰਨ ਦੇ ਉਲੀਕੇ ਗਏ ਪ੍ਰੋਗਰਾਮ ਦੀ ਕੜੀ ਵਜੋਂ ਨਕੋਦਰ ਜਗਰਾਓਂ ਰੋਡ 'ਤੇ ਸੰਗੋਵਾਲ ਟੋਲ ਪਲਾਜਾ ਸਵੇਰੇ 11 ਵਜੇ ਹੀ ਲੋਕਾਂ ਲਈ ਫਰੀ ਕਰਕੇ ਧਰਨਾ ਦਿੱਤਾ ਗਿਆ। ਇਸ ਧਰਨੇ ਨੂੰ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾਈ ਆਗੂ ਸੰਦੀਪ ਅਰੋੜਾ ਦਿਲਬਾਗ ਸਿੰਘ ਚੰਦੀ, ਕਿਰਤੀ ਕਿਸਾਨ ਯੂਨੀਅਨ ਦੇ ਰਜਿੰਦਰ ਸਿੰਘ ਮੰਡ ਰਤਨ ਸਿੰਘ, ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਬਾਬਾ ਪਲਵਿੰਦਰ ਸਿੰਘ, ਕੁਲਵੰਤ ਸਿੰਘ, ਜਮਹੂਰੀ ਕਿਸਾਨ ਸਭਾ ਦੇ ਸੂਬਾਈ ਆਗੂ ਮਨੋਹਰ ਸਿੰਘ ਗਿੱਲ, ਰਾਮ ਕੈਮਵਾਲਾ, ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਨਰਿੰਦਰ ਸਿੰਘ ਬਾਜਵਾ, ਜਸਵੰਤ ਸਿੰਘ ਲੋਹਗੜ੍ਹ, ਦੋਆਬਾ ਕਿਸਾਨ ਯੂਨੀਅਨ ਦੇ ਨਰਿੰਦਰ ਸਿੰਘ ਉਧੋਵਾਲ, ਕੁਲਵੀਰ ਸਿੰਘ ਤੇ ਯੂਥ ਵਿੰਗ ਕੁੱਲ ਹਿੰਦ ਕਿਸਾਨ ਸਭਾ ਦੇ ਮਨਦੀਪ ਸਿੱਧੂ ਪਵਨਦੀਪ ਸਿੱਧੂ ਨੇ ਸੰਬੋਧਨ ਕੀਤਾ। ਉਨ੍ਹਾਂ ਕਿਹਾ ਮੰਗਾ ਦੀ ਪੂਰਤੀ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਇਸ ਧਰਨੇ ਨੂੰ ਹੋਰਨਾਂ ਤੋਂ ਇਲਾਵਾ ਕੁਲਵਿੰਦਰ ਸਿੰਘ, ਬਲਜੀਤ ਸਿੰਘ, ਜਸਵੀਰ ਸਿੰਘ, ਵਰਿੰਦਰ ਸਿੰਘ, ਬਲਵਿੰਦਰ ਸਿੰਘ, ਕਸ਼ਮੀਰ ਸਿੰਘ, ਸਤਨਾਮ ਸਿੰਘ ਬਿੱਲੇ, ਬਲਵਿੰਦਰ ਸਿੰਘ ਭੱਟੀ, ਸਰਬਜੀਤ ਸਿੰਘ, ਅਮਰ ਸਿੰਘ, ਗੁਰਸੇਵਕ ਸਿੰਘ, ਲਖਵਿੰਦਰ ਸਿੰਘ, ਬਚਨ ਸਿੰਘ, ਜਰਨੈਲ ਸਿੰਘ ਲਖਵੀਰ ਸਿੰਘ ਲੋਹਗੜ੍ਹ ਆਦਿ ਸੰਬੋਧਨ ਕੀਤਾ।

ਧਾਲੀਵਾਲ ਨੇ ਸੋਨੀਆ ਗਾਂਧੀ ਦੇ ਰਾਜ ਸਭਾ ਮੈਂਬਰ ਚੁਣੇ ਜਾਣ 'ਤੇ ਕੀਤਾ ਖੁਸ਼ੀ ਦਾ ਪ੍ਰਗਟਾਵਾ

ਫਗਵਾੜਾ (ਡਾ. ਰਮਨ)- ਸੀਨੀਅਰ ਕਾਂਗਰਸੀ ਆਗੂ ਸ੍ਰੀਮਤੀ ਸੋਨੀਆ ਗਾਂਧੀ ਦੇ ਰਾਜਸਥਾਨ ਤੋਂ ਰਾਜਸਭਾ ਚੁਣੇ ਜਾਣ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਜ਼ਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਹਲਕਾ ਫਗਵਾੜਾ ਦੇ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਅੱਜ ਇੱਥੇ ਗੱਲਬਾਤ ਕਰਦਿਆਂ ਕਿਹਾ ਕਿ ਸ੍ਰੀਮਤੀ ਸੋਨੀਆ ਗਾਂਧੀ ਕਾਂਗਰਸ ਦੀ ਸੀਨੀਅਰ ਅਤੇ ਤਜਰਬੇਕਾਰ ਆਗੂ ਹਨ। ਜਿਹਨਾਂ ਦੀ ਪਾਰਲੀਮੈਂਟ ਵਿੱਚ ਮੌਜੂਦਗੀ ਨਾਲ ਸਮੂਹ ਕਾਂਗਰਸੀ ਸੰਸਦ ਮੈਂਬਰਾਂ ਵਿੱਚ ਜੋਸ਼ ਦਾ ਸੰਚਾਰ ਹੁੰਦਾ ਹੈ। ਜਿਕਰਯੋਗ ਹੈ ਕਿ ਸੋਨੀਆ ਗਾਂਧੀ ਨੂੰ ਪਹਿਲੀ ਵਾਰ ਰਾਜਸਭਾ ਲਈ ਚੁਣਿਆ ਗਿਆ ਹੈ। ਇਸ ਤੋਂ ਪਹਿਲਾਂ ਉਹ ਉੱਤਰ ਪ੍ਰਦੇਸ਼ ਦੀ ਰਾਏਬਰੇਲੀ ਸੀਟ ਤੋਂ ਚੋਣ ਜਿੱਤ ਕੇ ਲੋਕਸਭਾ ਪਹੁੰਚਦੇ ਸਨ। ਪਰ ਇਸ ਵਾਰ ਸਿਹਤ ਕਾਰਨਾਂ ਕਰਕੇ ਚੋਣ ਲੜਨ ਤੋਂ ਅਸਮਰੱਥਾ ਪ੍ਰਗਟਾਈ ਸੀ। ਜਿਸ ਤੋਂ ਬਾਅਦ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨੇ ਉਨ੍ਹਾਂ ਨੂੰ ਰਾਜਸਥਾਨ ਤੋਂ ਰਾਜਸਭਾ 'ਚ ਭੇਜਣ ਦਾ ਫੈਸਲਾ ਲਿਆ। ਸੋਨੀਆ ਗਾਂਧੀ ਨੂੰ ਨਿਰਵਿਰੋਧ ਰਾਜਸਭਾ ਲਈ ਚੁਣਿਆ ਗਿਆ ਹੈ। ਵਿਧਾਇਕ ਧਾਲੀਵਾਲ ਨੇ ਭਰੋਸਾ ਪ੍ਰਗਟਾਇਆ ਕਿ ਆਉਣ ਵਾਲੀਆਂ ਲੋਕਸਭਾ ਚੋਣਾਂ ਦੌਰਾਨ ਸ੍ਰੀਮਤੀ ਗਾਂਧੀ ਦੇ ਮਾਰਗ ਦਰਸ਼ਨ ਹੇਠ ਕਾਂਗਰਸ ਦੀ ਅਗਵਾਈ ਵਾਲਾ 'ਇੰਡੀਆ' ਗਠਜੋੜ ਜਨਤਾ ਦੇ ਸਮਰਥਨ ਨਾਲ ਕੇਂਦਰ ਦੀ ਸੱਤਾ 'ਚ ਮੁੜ ਵਾਪਸੀ ਕਰੇਗਾ ਅਤੇ ਦੇਸ਼ ਨੂੰ ਕਿਸਾਨ ਵਿਰੋਧੀ ਭਾਜਪਾ ਦੇ ਤਾਨਾਸ਼ਾਹੀ ਰਾਜ ਤੋਂ ਮੁਕਤੀ ਮਿਲੇਗੀ।

ਗੁਰੂ ਨਾਨਕ ਮਿਸ਼ਨ ਪਬਲਿਕ ਸਕੂਲ ਨੇ ਜਿੱਤੇ 14 ਮੈਡਲ

ਭੋਗਪੁਰ (ਕੁਲਬੀਰ ਸਿੰਘ ਕਾਹਲੋਂ)-ਗੁਰੂ ਨਾਨਕ ਮਿਸ਼ਨ ਪਬਲਿਕ ਸਕੂਲ ਡੱਲਾ ਦੇ ਵਿਦਿਆਰਥੀਆਂ ਨੇ ਅੰਤਰਰਾਸ਼ਟਰੀ ਇੰਗਲਿਸ਼ ਓਲੰਪੀਅਰ ਦੇ ਸਿਲਵਰ ਜ਼ੋਨ ਵਿੱਚ 14 ਮੈਡਲ ਆਪਣੀ ਝੋਲੀ ਵਿੱਚ ਝੋਲੀ ਪੁਆ ਕੇ ਸਕੂਲ ਦਾ ਨਾਂਅ ਇਲਾਕੇ ਵਿੱਚ ਰੌਸ਼ਨ ਕੀਤਾ ਹੈ।ਇਸ ਮੁਕਾਬਲੇ ਵਿੱਚ ਲਗਭਗ 41 ਬੱਚਿਆਂ ਨੇ ਭਾਗ ਲਿਆ ਜਿਨਾਂ ਵਿੱਚੋਂ 14 ਵਿਦਿਆਰਥੀਆਂ ਨੇ ਮੈਡਲ ਆਫ ਐਕਸੀਲੈਂਸ ਪ੍ਰਾਪਤ ਕਰਕੇ ਕੀਤੇ ਤੇ ਦੂਜੇ ਵਿਦਿਆਰਥੀਆਂ ਨੂੰ ਪਾਰਟੀਸਪੇਸ਼ਨ ਸਰਟੀਫਿਕੇਟ ਦਿੱਤੇ ਗਏ। ਸਕੂਲ ਦੀ ਸਵੇਰ ਦੀ ਸਭਾ ਵਿੱਚ ਸਕੂਲ ਪ੍ਰਿੰਸੀਪਲ ਬਿਕਰਮ ਸਿੰਘ ਸੈਣੀ ਨੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਤੇ ਬੱਚਿਆਂ ਤੇ ਉਨਾਂ ਦੇ ਮਾਪਿਆਂ ਤੇ ਸਮੂਹ ਸਟਾਫ ਨੂੰ ਵਧਾਈ ਦਿੱਤੀ। ਉਨਾਂ ਨੇ ਭਵਿੱਖ ਵਿੱਚ ਵੀ ਬੱਚਿਆਂ ਨੂੰ ਇਸ ਤਰ੍ਹਾਂ ਦੀਆਂ ਪ੍ਰਾਪਤੀਆਂ ਕਰਦੇ ਰਹਿਣ ਤੇ ਸਕੂਲ ਦਾ ਮਾਣ ਵਧਾਉਣ ਲਈ ਪ੍ਰੇਰਿਤ ਕੀਤਾ।

ਜ਼ਿਲ੍ਹਾ ਬਾਸਕਟਬਾਲ ਚੈਂਪੀਅਨਸ਼ਿਪ 'ਚ ਗ੍ਰੇਟ ਕਲੱਬ ਗੜ੍ਹਦੀਵਾਲਾ ਜੇਤੂ

**ਹੁਸ਼ਿਆਰਪੁ

22-FEB-PAGE-10.qxd 2/21/2024 9:46 PM Page 1

ਗੜੇਮਾਰੀ ਨੇ ਕੀਤਾ ਕਿਸਾਨਾਂ ਦਾ ਨੁਕਸਾਨ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ) -ਮੌਸਮ ਦੇ ਬਦਲੇ ਮਿਜਾਜ਼ ਦੇ ਚੱਲਦਿਆਂ ਇਲਾਕੇ ਵਿੱਚ ਪਈ ਹਲਕੀ ਤੇ ਦਰਮਿਆਨੀ ਬਰਸਾਤ ਦੇ ਚੱਲਦਿਆਂ ਅੱਧੀ ਦਰਜਨ ਦੇ ਕਰੀਬ ਪਿੰਡਾਂ ਵਿੱਚ ਹੋਈ ਭਿਆਨਕ ਗੜੇਮਾਰੀ ਨੇ ਫ਼ਸਲਾਂ ਦਾ ਵੱਡੇ ਪੱਧਰ ਉੱਤੇ ਨੁਕਸਾਨ ਕੀਤਾ ਹੈ। ਵੱਡੀ ਪੱਧਰ ਉੱਤੇ ਕਣਕ ਅਤੇ ਹੋਰ ਫ਼ਸਲਾਂ ਦੇ ਹੋਏ ਨੁਕਸਾਨ ਨੇ ਕਿਸਾਨਾਂ ਨੂੰ ਚਿੰਤਾ ਦੇ ਆਲਮ ਵਿੱਚ ਡੋਬ ਦਿੱਤਾ ਹੈ। ਕਿਸਾਨਾਂ ਨੇ ਕੁਦਰਤ ਨੂੰ ਕੋਸਦਿਆਂ ਸਰਕਾਰ ਤੋਂ ਯੋਗ ਮੁਆਵਜ਼ੇ ਦੀ ਮੰਗ ਕੀਤੀ ਹੈ।

ਇਲਾਕੇ ਦੇ ਪਿੰਡਾਂ ਹਰਿਆਊ, ਚੁਨਾਗਰਾ, ਪਾਤੜਾਂ, ਲਾਲਵਾ, ਅਤਾਲਾਂ, ਘੱਗਾ ਬੁਰੜ ਆਦਿ ਮੀਂਹ ਦੇ ਨਾਲ ਭਾਰੀ ਮਾਤਰਾ ਵਿੱਚ ਗੜੇਮਾਰੀ ਹੋਈ ਹੈ। ਗੜੇਮਾਰੀ ਦੀ ਤਕਰੀਬਨ ਤਿੰਨ ਤੋਂ ਚਾਰ ਇੰਚ ਮੋਟੀ ਤਹਿ ਧਰਤੀ ਤੇ ਜੰਮ ਗਈ ਸੀ। ਜਿਸ ਨਾਲ ਖੇਤਾਂ ਵਿੱਚ ਬੀਜੀਆਂ ਫ਼ਸਲਾਂ ਵਿੱਚ ਸਰ੍ਹੋਂ, ਹਰੇ ਚਾਰੇ ਵਿੱਚ ਬਰਸੀਮ ਅਤੇ ਸਬਜ਼ੀਆਂ ਵਿੱਚ ਮਟਰਾਂ ਸਣੇ ਗ਼ਰਮੀ ਰੁੱਤ ਲਈ ਬੀਜੀਆਂ ਅਗੇਤੀਆਂ ਸਬਜ਼ੀਆਂ ਦਾ ਬਹੁਤ ਨੁਕਸਾਨ ਹੋਇਆ ਹੈ। ਗੜ੍ਹਿਆਂ ਕਾਰਨ ਅਗੇਤੀਆਂ ਨਿੱਸਰੀਆਂ ਕਣਕਾਂ ਦੇ ਸਿੱਟੇ ਟੁੱਟਣ ਮਗਰੋਂ ਤੇਜ਼ ਹਵਾਵਾਂ ਨੇ ਕਣਕਾਂ ਧਰਤੀ 'ਤੇ ਵਿਛਾ ਦਿੱਤੀਆਂ ਹਨ। ਇਸ ਦੌਰਾਨ ਬੂਟਾ ਸਿੰਘ ਨੰਬਰਦਾਰ ਅਤਾਲਾਂ, ਰਸਪਾਲ ਸਿੰਘ ਢੋਟ ਘੱਗਾ, ਜਗਸੀਰ ਸਿੰਘ ਧਾਲੀਵਾਲ, ਬਲਦੇਵ ਸਿੰਘ ਢੋਟ, ਹਰਵਿੰਦਰ ਸਿੰਘ, ਕੁਲਦੀਪ ਸਿੰਘ ਸਰਪੰਚ ਅਤਾਲਾਂ, ਭਗਵੰਤ ਸਿੰਘ ਮਿਸਤਰੀ, ਬਲਬੀਰ ਸਿੰਘ ਆਦਿ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਉਨ੍ਹਾਂ ਦੀਆਂ ਫ਼ਸਲਾਂ ਦੀ ਵਿਸ਼ੇਸ਼ ਗਿਰਦਾਵਰੀ ਕਰਾ ਕੇ ਮੁਆਵਜ਼ਾ ਦਿੱਤਾ ਜਾਵੇ। ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਪ੍ਰਭਾਵਤ ਪਿੰਡਾਂ ਦੇ ਕਿਸਾਨਾਂ ਨਾਲ ਹਮਦਰਦੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਕੁਦਰਤ ਦੀ ਕਰੋਪੀ ਕਾਰਨ ਫ਼ਸਲਾਂ ਦਾ ਹੋਣਾ ਨੁਕਸਾਨ ਮੰਦਭਾਗਾ ਹੈ। ਐਸਡੀਐਮ ਤੇ ਮਾਲ ਵਿਭਾਗ ਦੇ ਅਧਿਕਾਰੀਆਂ ਨਾਲ ਗੱਲ ਕਰਕੇ ਉਨ੍ਹਾਂ ਨੂੰ ਸਥਿਤੀ ਦਾ ਜਾਇਜ਼ਾ ਲੈਣ ਸਬੰਧੀ ਕਿਹਾ ਹੈ।

ਆਸ਼ਾ ਵਰਕਰਾਂ ਤੇ ਆਸ਼ਾ ਫੈਸੀਲੇਟਰ ਦੀ ਲਿਸਟ ਤੁਰੰਤ ਜਾਰੀ ਕਰਨ ਦੀ ਮੰਗ

ਕੋਟਕਪੂਰਾ, (ਰਛਪਾਲ ਭੁੱਲਰ)-ਆਲ ਇੰਡੀਆ ਆਸ਼ਾ ਵਰਕਰਜ਼ ਤੇ ਆਸ਼ਾ ਫੈਸੀਲੇਟਰ ਯੂਨੀਅਨ ਪੰਜਾਬ ਸਬੰਧਤ ਏਟਕ ਦੇ ਸੂਬਾ ਪ੍ਰਧਾਨ ਅਮਰਜੀਤ ਕੌਰ ਰਣ ਸਿੰਘ ਵਾਲਾ ਤੇ ਸੀਨੀਅਰ ਮੀਤ ਪ੍ਰਧਾਨ ਦਰਗੋ ਬਾਈ ਫ਼ਾਜ਼ਿਲਕਾ ਦੀ ਅਗਵਾਈ ਹੇਠ ਇੱਕ ਵਫ਼ਦ ਨੇ ਸਿਹਤ ਵਿਭਾਗ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਮਲਟੀਪਰਪਜ਼ ਹੈਲਥ ਵਰਕਰਜ਼ ਫੀਮੇਲ ਦੀ ਕੀਤੀ ਜਾ ਰਹੀ ਭਰਤੀ ਦੌਰਾਨ ਆਸ਼ਾ ਵਰਕਰਾਂ ਤੇ ਆਸ਼ਾ ਫੈਸੀਲੇਟਰ ਦੇ ਬਣਦੇ 10 ਫ਼ੀਸਦੀ ਕੋਟੇ ਅਨੁਸਾਰ ਯੋਗ ਉਮੀਦਵਾਰਾਂ ਦੀ ਲਿਸਟ ਤੁਰੰਤ ਜਾਰੀ ਕਰਨ ਦੀ ਮੰਗ ਨੂੰ ਲੈਕੇ ਬਾਬਾ ਫ਼ਰੀਦ ਹੈਲਥ ਐਂਡ ਸਾਇੰਸਜ਼ ਯੂਨੀਵਰਸਿਟੀ ਫ਼ਰੀਦਕੋਟ ਦੇ ਵਾਈਸ ਚਾਂਸਲਰ ਡਾ ਰਾਜੀਵ ਸੂਦ ਨਾਲ ਮੁਲਾਕਾਤ ਕੀਤੀ।

ਆਗੂਆਂ ਦੇ ਮੰਗ ਕਰਨ ਤੇ ਉਪ ਕੁਲਪਤੀ ਡਾ. ਰਾਜੀਵ ਸੂਦ ਨੇ ਜਥੇਬੰਦੀ ਨੂੰ ਵਿਸ਼ਵਾਸ ਦਿਵਾਇਆ ਕਿ ਜਲਦੀ ਹੀ ਯੋਗ ਆਸ਼ਾ ਵਰਕਰਾਂ ਤੇ ਆਸ਼ਾ ਫੈਸੀਲੇਟਰ ਦੀ ਲਿਸਟ ਜਾਰੀ ਕਰ ਦਿੱਤੀ ਜਾਵੇਗੀ।ਇਸ ਮੌਕੇ ਆਸ਼ਾ ਵਰਕਰਾਂ ਦੇ ਆਗੂ ਰਾਜਵੰਤ ਕੌਰ ਵੇਰਕਾ, ਪਰਮਿੰਦਰ ਕੌਰ ਅੰਮ੍ਰਿਤਸਰ, ਪਰਮਜੀਤ ਕੌਰ ਤਰਨਤਾਰਨ, ਸੰਤੋਸ਼ ਰਾਣੀ ਫ਼ਾਜ਼ਿਲਕਾ ਰਣਜੀਤ ਕੌਰ ਤਰਨਤਾਰਨ, ਸ਼ਕੁੰਤਲਾ ਰਾਣੀ ਚੰਦ ਭਾਨ, ਮਨਜੀਤ ਕੌਰ, ਅੰਮ੍ਰਿਤਪਾਲ ਕੌਰ ਬੱਲ ਕਲਾਂ, ਸੀਮਾ ਰਾਣੀ ਤੇ ਸੰਤੋਸ਼ ਕੁਮਾਰੀ ਫ਼ਾਜ਼ਿਲਕਾ ਤੋਂ ਇਲਾਵਾ ਭਰਾਤਰੀ ਜਥੇਬੰਦੀਆਂ ਦੇ ਆਗੂ ਕੁਲਵੰਤ ਸਿੰਘ ਚਾਨੀ ਤੇ ਵੀਰਇੰਦਰਜੀਤ ਸਿੰਘ ਪੁਰੀ ਆਦਿ ਸ਼ਾਮਲ ਸਨ।

ਸਰਬਜੀਤ ਪਾਲ ਕੌਰ ਤੇ ਡਾ. ਪੰਧੇਰ ਦੀ ਟੀਮ ਨੇ ਨਾਮਜ਼ਦਗੀ ਪਰਚੇ ਭਰੇ

ਲੁਧਿਆਣਾ (ਐਮ.ਐਸ.ਭਾਟੀਆ) ਡਾ. ਸੁਖਦੇਵ ਸਿੰਘ ਸਿਰਸਾ, ਡਾ. ਅਨੂਪ ਸਿੰਘ, ਪ੍ਰੋ. ਸੁਰਜੀਤ ਜੱਜ, ਡਾ. ਕੁਲਦੀਪ ਸਿੰਘ ਦੀਪ, ਹਰਮੀਤ ਵਿਦਿਆਰਥੀ ਤੇ ਰਮੇਸ਼ ਯਾਦਵ ਦੀ ਅਗਵਾਈ ਵਿੱਚ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੀ ਸਾਲ 2024-26 ਲਈ 3 ਮਾਰਚ ਨੂੰ ਹੋਣ ਵਾਲੀ ਚੋਣ ਲੜਨ ਲਈ ਡਾ. ਸਰਬਜੀਤ ਸਿੰਘ (ਪ੍ਰਧਾਨ), ਡਾ. ਪਾਲ ਕੌਰ (ਸੀਨੀਅਰ ਮੀਤ ਪ੍ਰਧਾਨ), ਡਾ. ਗੁਲਜ਼ਾਰ ਸਿੰਘ ਪੰਧੇਰ (ਜਨਰਲ ਸਕੱਤਰ), ਪੰਜ ਮੀਤ ਪ੍ਰਧਾਨਾਂ ਲਈ ਜਸਪਾਲ ਮਾਨਖੇੜਾ, ਹਰਜਿੰਦਰ ਸਿੰਘ ਸੂਰੇਵਾਲੀਆ ਤੇ ਭੁਪਿੰਦਰ ਸਿੰਘ ਸੰਧੂ, ਡਾ. ਹਰਵਿੰਦਰ ਸਿੰਘ (ਸਿਰਸਾ) ਅਤੇ ਡਾ. ਅਰਵਿੰਦਰ ਕੌਰ ਕਾਕੜਾ, ਜਸਵੀਰ ਝੱਜ, ਅਤੇ ਪ੍ਰਬੰਧਕੀ ਬੋਰਡ ਦੇ ਪੰਦਰਾਂ ਮੈਂਬਰ ਲਈ ਡਾ. ਹਰੀ ਸਿੰਘ ਜਾਚਕ, ਮੱਖਣ ਮਾਨ, ਗੁਰਸੇਵਕ ਸਿੰਘ ਢਿੱਲੋਂ, ਸ਼ਬਦੀਸ਼, ਸੰਜੀਵਨ ਸਿੰਘ, ਡਾ. ਸੰਤੋਖ ਸੁੱਖੀ, ਨਵਤੇਜ ਗੜ੍ਹਦੀਵਾਲਾ, ਰਣਜੀਤ ਗੌਰਵ, ਵਰਗਿਸ ਸਲਾਮਤ, ਬਲਵਿੰਦਰ ਸਿੰਘ ਚਹਿਲ, ਵਾਹਿਦ ਉਰਫ਼ ਸਤਨਾਮ ਸਿੰਘ, ਡਾ. ਰੋਜ਼ੀ ਸਿੰਘ, ਇਸਤ੍ਰੀ ਮੈਂਬਰਾਂ ਲਈ ਨਰਿੰਦਰਪਾਲ ਕੌਰ, ਡਾ. ਜੀਵਨ ਜੋਤੀ, ਪੰਜਾਬ ਤੇ ਚੰਡੀਗੜ੍ਹ ਤੋਂ ਬਾਹਰੋਂ ਡਾ. ਹਰਸਿੰਦਰ ਸਿੰਘ ਜੰਮੂ ਅਤੇ ਬਾਕੀ ਭਾਰਤ ਵਿਚੋਂ ਪ੍ਰੇਮ ਸਾਹਿਲ ਨੇ ਪੂਰੇ ਪੈਨਲ ਵੱਲੋਂ ਸਾਂਝੀ ਇਕੱਤਰਤਾ ਵਿਚ ਕਾਗ਼ਜ਼ ਦਾਖਲ ਕੀਤੇ ਗਏ। ਇਹ ਇਕੱਤਰਤਾ ਡਾ. ਅਨੂਪ ਸਿੰਘ ਬਟਾਲਾ ਦੀ ਪ੍ਰਧਾਨਗੀ ਹੇਠ ਹੋਈ। ਡਾ. ਸਿਰਸਾ, ਡਾ. ਅਨੂਪ ਸਿੰਘ, ਪ੍ਰੋ. ਸੁਰਜੀਤ ਜੱਜ, ਡਾ. ਸਰਬਜੀਤ ਸਿੰਘ, ਡਾ. ਪੰਧੇਰ, ਮਾਨਖੇੜਾ ਤੇ ਹਰਮੀਤ ਵਿਦਿਆਰਥੀ ਆਦਿ ਨੇ ਕਿਹਾ ਕਿ ਚੋਣ ਵਿਅਕਤੀ ਵਿਰੋਧ ਦੇ ਨਾਂਅ 'ਤੇ ਨਹੀਂ, ਸਗੋਂ ਭਵਿੱਖ ਵਿੱਚ ਪੰਜਾਬੀ ਸਾਹਿਤ ਅਕਾਡਮੀ ਦੀ ਬਦਲਵੀਂ ਭੂਮਿਕਾ ਤੇ ਨਵੇਂ ਦੌਰ ਦੇ ਏਜੰਡਿਆਂ, ਤਰਜ਼ੀਹਾਂ ਤੇ ਚੁਣੌਤੀਆਂ ਲਈ ਲੜੀ ਜਾ ਰਹੀ ਹੈ। ਇਸ ਗੱਲ ਨੂੰ ਸ਼ਿੱਦਤ ਨਾਲ ਮਹਿਸੂਸ ਕੀਤਾ ਗਿਆ ਕਿ ਜਿਸ ਕਦਰ ਪੰਜਾਬੀ ਸਮਾਜ, ਪੰਜਾਬੀ ਭਾਸ਼ਾ ਅਤੇ ਪੰਜਾਬੀ ਸਾਹਿਤ ਨੂੰ ਚੁਣੌਤੀਆਂ ਹਨ ਅਤੇ ਇਸ ਤੋਂ ਵੀ ਵੱਧ ਸਮੁੱਚੀ ਮਨੁੱਖਤਾ ਲਈ ਵੱਡੇ ਖ਼ਤਰੇ ਹਨ, ਕਾਰਪੋਰੇਟੀ ਅਤੇ ਸਮਾਰਾਜੀ ਏਜੰਡੇ ਤੇ ਤਹਿਤ ਜਿਸ ਤਰ੍ਹਾਂ ਮਨੁੱਖ ਤੋਂ ਵੀ ਅੱਗੇ ਹਵਾ, ਪਾਣੀ, ਪਰਬਤ, ਜੰਗਲ ਅਤੇ ਸਪੇਸ (ਧਰਤੀ ਤੋਂ

ਬਿਨਾਂ ਬਾਕੀ ਗ੍ਰਹਿਆਂ) 'ਤੇ ਕਬਜ਼ੇ ਦੀ ਹੋੜ ਚੱਲ ਰਹੀ ਹੈ, ਉਸ ਦੌਰ ਵਿੱਚ ਪੰਜਾਬੀ ਅਦਬ ਅਤੇ ਅਦੀਬ ਆਪਣੇ ਕਿਰਦਾਰ ਦੀ ਬੁਲੰਦੀ ਕਿਵੇਂ ਬਣਾ ਕੇ ਰੱਖ ਸਕਣ ਅਤੇ ਉਪਰੋਕਤ ਚੁਣੌਤੀਆਂ ਦਾ ਮੁਕਾਬਲਾ ਕਰਨ ਲਈ ਅਵਾਮ ਦੀ ਆਵਾਜ਼ ਕਿਸ ਤਰ੍ਹਾਂ ਬਣ ਸਕਣ। ਇਸ ਸਮੇਂ ਉੱਘੇ ਸਾਹਿਤਕਾਰ ਕੁਲਵਿੰਦਰ ਕੌਰ ਕਿਰਨ, ਮਨਦੀਪ ਕੌਰ ਭੰਮਰਾ, ਦਰਸ਼ਨ ਸਿੰਘ ਢੋਲਣ, ਇੰਜੀ. ਇੰਦਰਜੀਤ ਸਿੰਘ ਨੂਰ, ਸੁਰਜੀਤ ਸਿੰਘ ਅਲਬੇਲਾ, ਭਗਵਾਨ ਢਿੱਲੋਂ, ਡਾ. ਹਰਜੀਤ ਸਿੰਘ, ਸੁਰਜੀਤ ਸਿਰੜੀ, ਡਾ. ਗੁਰਪ੍ਰੀਤ ਸਿੰਘ, ਭਗਵੰਤ ਰਸੂਲਪੁਰੀ, ਸੁਖਜੀਵਨ ਪਟਿਆਲਾ, ਰਵੀ ਰਵਿੰਦਰ, ਮੇਜਰ ਸਿੰਘ ਸਿਆੜ, ਸੁੱਖ ਰਾਮ, ਨਰਿੰਦਰ ਸਿੰਘ ਸ਼ਾਮਲ ਹੋਏ। ਅਗਲੇ ਦਿਨਾਂ ਵਿੱਚ ਇਹ ਕਾਫ਼ਲਾ ਤਬਦੀਲੀ ਦੇ ਇਸ ਏਜੰਡੇ ਨੂੰ ਲੈ ਕੇ ਪੰਜਾਬੀ ਅਦਬ ਤੇ ਅਦੀਬਾਂ ਦੀਆਂ ਬਰੂਹਾਂ ਤੇ ਦਸਤਕ ਦੇਵੇਗਾ। ਹਾਜ਼ਰੀਨ ਨੇ ਅਪੀਲ ਕੀਤੀ ਕਿ ਸਮਾਜ ਵਿੱਚ ਅਦਬ ਦੀ ਵਡੇਰੀ ਭੂਮਿਕਾ ਲਈ ਇਸ ਕਾਫ਼ਲੇ ਦਾ ਸਾਥ ਦਿੱਤਾ ਜਾਵੇ।

ਲੜਕੀਆਂ ਹਰ ਖੇਤਰ 'ਚ ਪਰਵਾਰ ਤੇ ਦੇਸ਼ ਦਾ ਨਾਮ ਰੌਸ਼ਨ ਕਰ ਰਹੀਆਂ : ਅਮਨ ਅਰੋੜਾ

ਡਿੰਪਲ ਗਰਗ ਨੂੰ ਜੱਜ ਬਣਨ 'ਤੇ ਦਿੱਤੀ ਮੁਬਾਰਕਬਾਦ

ਸੁਨਾਮ ਊਧਮ ਸਿੰਘ ਵਾਲਾ (ਹਾਕਮ ਸਿੰਘ ਭੱਟੀ, ਅਸ਼ੋਕ ਬਾਂਸਲ) : ਸੁਨਾਮ ਊਧਮ ਸਿੰਘ ਵਾਲਾ ਸ਼ਹਿਰ ਦੀ ਹੋਣਹਾਰ ਲੜਕੀ ਡਿੰਪਲ ਗਰਗ ਨੇ ਹਾਲ ਹੀ ਵਿੱਚ ਹੋਈ ਪੀ.ਸੀ.ਐੱਸ. ਜੁਡੀਸ਼ੀਅਲ ਦੀ ਪ੍ਰੀਖਿਆ ਪਾਸ ਕੀਤੀ ਹੈ ਅਤੇ ਜੱਜ ਦੀ ਨਿਯੁਕਤੀ ਲਈ ਹੋਣ ਵਾਲੀ ਇਸ ਵੱਕਾਰੀ ਪ੍ਰੀਖਿਆ ਨੂੰ ਪਾਸ ਕਰਨ 'ਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਵਿਸ਼ੇਸ਼ ਤੌਰ 'ਤੇ ਉਨ੍ਹਾਂ ਦੀ ਰਿਹਾਇਸ਼ ਵਿਖੇ ਜਾ ਕੇ ਪਰਿਵਾਰਕ ਮੈਂਬਰਾਂ ਨੂੰ ਮੁਬਾਰਕਬਾਦ ਦਿੱਤੀ ਹੈ।ਇਸ ਮੌਕੇ ਬੋਲਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਲੜਕੀਆਂ ਆਪਣੀ ਸਖ਼ਤ ਮਿਹਨਤ ਦੇ ਨਾਲ ਹਰ ਖੇਤਰ ਵਿੱਚ ਆਪਣੇ ਪਰਵਾਰ ਤੇ ਦੇਸ਼ ਦਾ ਨਾਮ ਰੌਸ਼ਨ ਕਰ ਰਹੀਆਂ ਹਨ।

ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਜਦੋਂ ਧੀਆਂ ਵੱਡੀਆਂ ਉਪਾਧੀਆਂ ਹਾਸਲ ਕਰਦੀਆਂ ਹਨ ਤਾਂ ਪਰਿਵਾਰ ਹੀ ਨਹੀਂ, ਸਗੋਂ ਪੂਰੇ ਸਮਾਜ ਦਾ ਸਿਰ ਮਾਣ ਨਾਲ ਉੱਚਾ ਹੁੰਦਾ ਹੈ।ਉਨ੍ਹਾ ਕਿਹਾ ਕਿ ਇਸ ਤੋਂ ਥੋੜ੍ਹਾ ਪਹਿਲਾਂ ਵੀ ਸੁਨਾਮ ਦੀ ਇੱਕ ਧੀ ਤੇ ਹਾਲ ਹੀ ਵਿੱਚ ਇੱਕ ਹੋਰ ਲੜਕੀ ਉਪਾਸਨਾ ਗੋਇਲ ਨੇ ਇਹ ਪ੍ਰੀਖਿਆ ਪਾਸ ਕਰਨ ਦੀ ਮਾਣਮੱਤੀ ਪ੍ਰਾਪਤੀ ਹਾਸਲ ਕੀਤੀ ਸੀ।ਉਨ੍ਹਾ ਕਿਹਾ ਕਿ ਹੁਣ ਪੰਜਾਬ ਵਿੱਚ ਪਾਰਦਰਸ਼ੀ ਮਾਹੌਲ ਬਣਦਾ ਜਾ ਰਿਹਾ ਹੈ, ਜਿਸ ਸਦਕਾ ਨੌਜਵਾਨ ਵਰਗ ਆਪਣੀ ਮਿਹਨਤ ਤੇ ਦ੍ਰਿੜ੍ਹਤਾ ਸਦਕਾ ਵੱਡੀਆਂ ਉਪਲਬਧੀਆਂ ਹਾਸਲ ਕਰ ਰਹੇ ਹਨ।ਇਸ ਮੌਕੇ ਹੋਰਨਾਂ ਤੋਂ ਇਲਾਵਾ ਡਿੰਪਲ ਦੇ ਪਿਤਾ ਗਿਆਨ ਚੰਦ ਗਰਗ, ਮਾਤਾ ਸਰਿਤਾ ਰਾਣੀ, ਭਰਾ ਸ਼ੁਭਮ ਗਰਗ, ਭਾਬੀ ਰੇਨੂਕਾ, ਸੀਨੀਅਰ ਆਗੂ ਜਤਿੰਦਰ ਜੈਨ, ਕੁਮਾਰ, ਹਰਮੀਤ ਵਿਰਕ ਸਮੇਤ ਡਿੰਪਲ ਦੇ ਹੋਰ ਪਰਿਵਾਰਕ ਮੈਂਬਰ ਵਿਵਾਨ ਗਰਗ, ਡਾ. ਸ਼ੁਭਮ ਗਰਗ, ਕਮਲੇਸ਼ ਗਰਗ, ਜਨਕ ਸਿੰਗਲਾ, ਪਵਨ ਸਿੰਗਲਾ, ਸੁਮਿਤ ਸਿੰਗਲਾ, ਪ੍ਰਵੀਨ ਕੁਮਾਰ ਬਿੱਟੂ, ਪ੍ਰਵੀਨ ਕੁਮਾਰ ਪੀਨਾ, ਪ੍ਰਿੰਸੀਪਲ ਨਰੇਸ਼ ਕੁਮਾਰ, ਬਿੱਟੂ, ਜੀਵਨ ਕੁਮਾਰ ਤੇ ਸੁਰਿੰਦਰ ਲੌਂਗੋਵਾਲੀਆ ਹਾਜ਼ਰ ਸਨ।

ਮੁੱਖ ਮੰਤਰੀ ਦਾ ਦਫ਼ਤਰ ਘੇਰਣ ਦੀਆਂ ਤਿਆਰੀਆਂ ਮੁਕੰਮਲ

ਧੂਰੀ (ਸੁਖਦੇਵ ਧੂਰੀ)-ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਧੂਰੀ ਦੀ ਅਹਿਮ ਮੀਟਿੰਗ ਪ੍ਰਧਾਨ ਸੁਖਦੇਵ ਸ਼ਰਮਾ ਦੀ ਅਗਵਾਈ ਵਿੱਚ ਪੈਨਸ਼ਨ ਦਫਤਰ ਵਿਖੇ ਹੋਈ।ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਪ੍ਰਤੀ ਵੱਟੀ ਘੋਸਲ ਖ਼ਿਲਾਫ਼ 23 ਫਰਵਰੀ ਨੂੰ ਜ਼ੋਰਦਾਰ ਰੋਸ ਪ੍ਰਦਰਸ਼ਨ ਕਰਨ ਤੇ ਮੁੱਖ ਮੰਤਰੀ ਦਾ ਧੂਰੀ ਦਫ਼ਤਰ ਘੇਰਨ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।ਇਸ ਮੀਟਿੰਗ ਵਿੱਚ ਜ਼ਿਲ੍ਹਾ ਸੰਗਰੂਰ ਵੱਲੋਂ ਕਨਵੀਨਰ ਜਗਦੀਸ਼ ਸ਼ਰਮਾ, ਮੇਲਾ ਸਿੰਘ ਪੁੰਨਾਵਾਲ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਉਨ੍ਹਾਂ ਮੀਟਿੰਗ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਪੰਜਾਬ ਭਰ ਦੇ ਸਾਰੇ ਐੱਮ ਐੱਲ ਏਜ਼ ਤੇ ਮੰਤਰੀਆਂ ਦੇ ਘਰਾਂ ਅੱਗੇ ਰੋਸ ਪ੍ਰਦਰਸ਼ਨ ਕਰਨ ਉਪਰੰਤ 23 ਫਰਵਰੀ ਨੂੰ ਮੁੱਖ ਮੰਤਰੀ ਦਾ ਦਫ਼ਤਰ ਘੇਰਿਆ ਜਾਵੇਗਾ, ਕਿਉਂਕਿ ਪੰਜਾਬ ਸਰਕਾਰ ਸਮੂਹ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਤਨਖਾਹ ਕਮਿਸ਼ਨ ਦਾ ਬਕਾਇਆ ਦੇਣ ਤੇ ਪੈਨਸ਼ਨਰਾਂ ਲਈ 2:59 ਦਾ ਫੈਕਟਰ ਲਾਗੂ ਕਰਨ, ਡੀ ਏ ਦਾ ਬਕਾਇਆ ਦੇਣ ਤੋਂ ਲਗਾਤਾਰ ਟਾਲ ਮਟੋਲ ਕਰ ਰਹੀ ਹੈ।ਪੈਨਸ਼ਨਰਾਂ ਦੀਆਂ ਬਾਕੀ ਜਾਇਜ਼ ਮੰਗਾਂ ਮੰਨਣ ਤੋਂ ਭੱਜ ਰਹੀ ਹੈ।

ਸਮੂਹ ਪੈਨਸ਼ਨਰਜ਼ ਤੇ ਮੁਲਾਜ਼ਮ ਸਰਕਾਰ ਦੇ ਟਾਲ ਮਟੋਲ ਵਾਲੇ ਰਵੱਈਏ ਤੋਂ ਬਹੁਤ ਨਿਰਾਸ਼ ਹਨ।ਜੇਕਰ ਸਰਕਾਰ ਨੇ ਹੁਣ ਵੀ ਕੰਧ 'ਤੇ ਲਿਖਿਆ ਨਾ ਪੜ੍ਹਿਆ ਤਾਂ ਲੋਕ ਸਭਾ ਦੀਆਂ ਚੋਣਾਂ ਵਿੱਚ ਨਤੀਜੇ ਭੁਗਤਣੇ ਪੈਣਗੇ।ਇਸ ਮੀਟਿੰਗ ਵਿੱਚ ਅਮਰਜੀਤ ਸਿੰਘ ਸਕੱਤਰ, ਜਸਦੇਵ ਸਿੰਘ ਐਕਟਿੰਗ ਪ੍ਰਧਾਨ, ਕੁਲਵੰਤ ਸਿੰਘ, ਹੰਸ ਰਾਜ ਗਰਗ, ਰਮੇਸ਼ ਸ਼ਰਮਾ, ਗੁਰਮੀਤ ਸਿੰਘ, ਚਰਨਜੀਤ ਸਿੰਘ ਕੈਂਥ, ਕਰਮ ਸਿੰਘ ਮਾਨ, ਕਰਮ ਸਿੰਘ ਸੋਢੀ, ਸੁਖਦੇਵ ਸਿੰਘ, ਜਬਰਾ ਸਿੰਘ, ਸੋਮ ਨਾਥ ਅੱਤਰੀ, ਜੈਦੇਵ ਸ਼ਰਮਾ, ਪ੍ਰੀਤਮ ਸਿੰਘ ਧੂਰਾ, ਕਰਮ ਸਿੰਘ ਢੀਂਡਸਾ, ਸਤੀਸ਼ ਅਰੋੜਾ, ਬੁੱਧ ਸਿੰਘ, ਗੁਰਮੇਲ ਸਿੰਘ, ਹੰਸ ਰਾਜ ਦੀਦਾਰਗੜ੍ਹ, ਇੰਦਰ ਸਿੰਘ, ਫ਼ਕੀਰ ਸਿੰਘ, ਇੰਦਰਜੀਤ ਸ਼ਰਮਾ, ਰਲਾ ਸਿੰਘ, ਸਰਬਜੀਤ ਸਿੰਘ, ਦਰਸ਼ਨ ਸਿੰਘ ਧਾਂਦਰਾ, ਮੇਜਰ ਸਿੰਘ, ਸੁਰਜੀਤ ਸਿੰਘ, ਫਕੀਰ ਸਿੰਘ, ਕਰੇੜੀ ਮੱਲ, ਬਹਾਦਰ ਸਿੰਘ, ਆਤਮਾ ਸਿੰਘ ਤੇ ਹੋਰ ਮੈਂਬਰ ਹਾਜ਼ਰ ਹੋਏ।

ਪਿੰਡ ਕੜਮਾ 'ਚ ਵਿਧਾਇਕ ਨੇ ਸੁਣੀਆਂ ਲੋਕਾਂ ਦੀਆਂ ਮੁਸ਼ਕਲਾਂ

ਮਮਦੋਟ (ਜਸਬੀਰ ਸਿੰਘ ਕੰਬੋਜ) ਵਿਧਾਨ ਸਭਾ ਹਲਕਾ ਗੁਰੂ ਹਰਸਹਾਏ ਦੇ ਵਿਧਾਇਕ ਸਰਦਾਰ ਫੌਜਾ ਸਿੰਘ ਸਰਾਰੀ ਦੀ ਰਹਿਨੁਮਾਈ ਹੇਠ ਬਲਾਕ ਮਮਦੋਟ ਅਧੀਨ ਆਉਂਦੇ ਪਿੰਡ ਕੜਮਾਂ ਵਿਖੇ ਵਿਸ਼ੇਸ਼ ਕੈਂਪ ਲਾਇਆ ਗਿਆ।

ਕੈਂਪ ਵਿੱਚ ਬਲਾਕ ਮਮਦੋਟ ਤੇ ਤਹਿਸੀਲ ਗੁਰੂਹਰਿਸਹਾਇ ਨਾਲ ਸਬੰਧਤ ਸਾਰੇ ਦਫ਼ਤਰਾਂ ਦੇ ਕ੍ਰਮਚਾਰੀ ਤੇ ਮੁਲਾਜ਼ਮ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਤੇ ਦਫ਼ਤਰੀ ਸਹੂਲਤਾਂ ਵਾਸਤੇ ਹਾਜਰ

22-FEB-PAGE-11-Majha-24.qxd 2/21/2024 10:15 PM Page 1

ਹੱਕਾਂ ਨੂੰ ਲੈ ਕੇ ਜਲ ਸਪਲਾਈ/ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਦਾ ਧਰਨਾ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰ ਯੂਨੀਅਨ ਪੰਜਾਬ ਰਜਿ ਨੰਬਰ 31 ਬਰਾਂਚ ਦੀਨਾਨਗਰ ਗੁਰਦਾਸਪੁਰ ਦੇ ਵਰਕਰਾਂ ਵੱਲੋਂ ਜਲ ਸਪਲਾਈ ਅਤੇ ਸੈਨੀਟੇਸ਼ਨ ਦਫਤਰ ਮੰਡਲ ਗੁਰਦਾਸਪੁਰ ਜੀਵਨਵਾਲ ਬੱਬਰੀ ਵਿਖੇ ਬਰਾਂਚ ਪ੍ਰਧਾਨ ਹਰਦੀਪ ਸਿੰਘ ਹਯਾਤਨਗਰ ਦੀ ਅਗਵਾਈ ਵਿੱਚ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਨੂੰ ਲੈ ਕੇ ਧਰਨਾ ਦਿੱਤਾ ਗਿਆ। ਇਸ ਦੌਰਾਨ ਜ਼ਿਲਾ ਪ੍ਰਧਾਨ ਮਨਦੀਪ ਸਿੰਘ ਖੱਖ ਨੇ ਕਿਹਾ ਕਿ ਵਰਕਰਾਂ ਦੀ ਜਨਵਰੀ ਮਹੀਨੇ ਦੀ ਤਨਖਾਹ ਹਾਲੇ ਤੀਕ ਵੀ ਜਾਰੀ ਨਹੀਂ ਕੀਤੀ ਗਈ ਜਿਸ ਕਾਰਨ ਬਹੁਤ ਸਾਰੇ ਵਰਕਰਾਂ ਨੂੰ ਆਪਣੇ ਘਰ ਦਾ ਰੋਜ਼ਮਰਾ ਖ਼ਰਚ ਉਠਾਉਣ ਵਿੱਚ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸ ਕਾਰਨ ਵਰਕਰਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਆਗੂ ਨੇ ਕਿਹਾ ਕਿ ਪਿਛਲੀ ਦਿਨੀਂ ਧਰਨੇ ਦੌਰਾਨ ਨਿਗਰਾਨ ਇੰਜੀਨੀਅਰ ਵੱਲੋਂ ਤਨਖਾਹ ਵਿੱਚ ਵਾਧਾ ਕਰਨ ਦਾ ਵਿਸ਼ਵਾਸ ਦਿਵਾਇਆ ਗਿਆ ਸੀ ਪ੍ਰੰਤੂ ਹਾਲੇ ਤੀਕ ਵਰਕਰਾਂ ਦੀ ਤਨਖਾਹ ਵਿੱਚ ਕੋਈ ਵਾਧਾ ਨਹੀਂ ਕੀਤਾ ਗਿਆ । ਇਸ ਸਮੇਂ ਆਗੂਆਂ ਨੇ ਕਿਹਾ ਕਾਰਜਕਾਰੀ ਇੰਜੀਨੀਅਰ ਵੱਲੋਂ 22/2/2024 ਨੂੰ ਜਥੇਬੰਦੀ ਨੂੰ ਮੀਟਿੰਗ ਦਾ ਸਮਾਂ ਦਿੱਤਾ ਗਿਆ ਹੈ। ਜੇਕਰ ਇਸ ਮੀਟਿੰਗ ਦੌਰਾਨ ਸਾਡੀਆਂ ਹੱਕੀ ਅਤੇ ਜਾਇਜ਼ ਮੰਗਾਂ ਦਾ ਹੱਲ ਨਹੀਂ ਕੀਤਾ ਗਿਆ ਤਾਂ ਜਥੇਬੰਦੀ ਵੱਲੋਂ 3 ਵਜੇ ਤੋਂ ਬਾਅਦ ਨੈਸ਼ਨਲ ਹਾਈਵੇ ਜਾਮ ਕੀਤਾ ਜਾਵੇਗਾ ਜਿਸ ਦੀ ਸਾਰੀ ਜ਼ਿੰਮੇਵਾਰੀ ਨਿਗਰਾਨ ਇੰਜੀਨੀਅਰ ਅਤੇ ਕਾਰਜਕਾਰੀ ਇੰਜੀਨੀਅਰ ਦੀ ਹੋਵੇਗੀ। ਇਸ ਸਮੇਂ ਨਿਸ਼ਾਨ ਸਿੰਘ, ਅਵਤਾਰ ਸਿੰਘ, ਸਰਵਣ ਸਿੰਘ, ਬਲਵਿੰਦਰ ਕੁਮਾਰ, ਜੋਗਾ ਸਿੰਘ, ਗੁਰਮੀਤ ਸਿੰਘ, ਗੁਰਵਿੰਦਰਜੀਤ ਸਿੰਘ, ਮਨਜੀਤ ਪਾਲ, ਜਨਕ ਸਿੰਘ, ਸਤਵੰਤ ਸਿੰਘ, ਹਰਪਾਲ ਸਿੰਘ, ਜਸਪਾਲ ਸਿੰਘ, ਰੋਹਿਤ ਕੁਮਾਰ, ਬੋਧਰਾਜ, ਹਰਵਿੰਦਰ ਸਿੰਘ, ਜਰਨੈਲ ਸਿੰਘ, ਭੁਪਿੰਦਰ ਸਿੰਘ ਆਦਿ ਅਤੇ ਹੋਰ ਵਰਕਰ ਵੀ ਹਾਜ਼ਰ ਸਨ।

ਸੰਯੁਕਤ ਕਿਸਾਨ ਮੋਰਚੇ ਵੱਲੋਂ ਭੱਗੂਪੁਰ ਟੋਲ ਪਲਾਜ਼ੇ ਉੱਪਰ ਜ਼ਬਰਦਸਤ ਧਰਨਾ

* ਕੇਂਦਰ ਸਰਕਾਰ ਕਿਸਾਨਾਂ ਦਾ ਸਬਰ ਨਾ ਵੇਖੇ, ਐੱਮ ਐੱਸ ਪੀ ਕਾਨੂੰਨ ਬਣਾਵੇ: ਕਿਸਾਨ ਆਗੂ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਸੰਯੁਕਤ ਕਿਸਾਨ ਮੋਰਚੇ ਵੱਲੋਂ ਲਏ ਗਏ ਫੈਸਲੇ ਅਨੁਸਾਰ ਤਿੰਨ ਦਿਨ ਪੰਜਾਬ ਭਰ ਅੰਦਰ ਟੋਲ ਪਲਾਜ਼ੇ ਫ੍ਰੀ ਕੀਤੇ ਜਾਣ ਅਤੇ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਦੇ ਘਰਾਂ ਅੱਗੇ ਧਰਨੇ ਮਾਰਨ ਦੇ ਦਿੱਤੇ ਗਏ ਸੱਦੇ ਤਹਿਤ ਇਲਾਕਾ ਪੱਟੀ ਦੀਆਂ ਵੱਖ-ਵੱਖ ਕਿਸਾਨ ਜਥੇਬੰਦੀਆਂ ਵੱਲੋਂ ਦਲੇਰ ਸਿੰਘ ਰਾਜੋਕੇ, ਮਹਾਂਵੀਰ ਸਿੰਘ ਗਿੱਲ, ਕਾ: ਧਰਮ ਸਿੰਘ ਪੱਟੀ ਅਤੇ ਅਵਤਾਰ ਸਿੰਘ ਦੀ ਸਾਂਝੀ ਪ੍ਰਧਾਨਗੀ ਹੇਠ ਭੱਗੂਪੁਰ ਟੋਲ ਪਲਾਜ਼ੇ ਉੱਪਰ ਜ਼ਬਰਦਸਤ ਰੋਸ ਧਰਨਾ ਦਿੱਤਾ ਅਤੇ ਟੋਲ ਪਲਾਜ਼ਾ ਪਰਚੀ ਮੁਕਤ ਕੀਤਾ। ਇਸ ਧਰਨੇ ਨੂੰ ਦਲੇਰ ਸਿੰਘ ਰਾਜੋਕੇ ਆਗੂ ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ), ਕਾਮਰੇਡ ਮਹਾਂਵੀਰ ਸਿੰਘ ਗਿੱਲ ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਸੂਬਾ ਕਮੇਟੀ ਮੈਂਬਰ, ਕਾਮਰੇਡ ਧਰਮ ਸਿੰਘ ਪੱਟੀ ਆਗੂ ਜਮਹੂਰੀ ਕਿਸਾਨ ਸਭਾ, ਅਵਤਾਰ ਸਿੰਘ ਆਗੂ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਨੇ ਸੰਬੋਧਨ ਕਰਦਿਆਂ ਕੇਂਦਰ ਦੀ ਮੋਦੀ ਸਰਕਾਰ ਦੇ ਇਸ਼ਾਰਿਆਂ ਉੱਪਰ ਹਰਿਆਣਾ ਸਰਕਾਰ ਵੱਲੋਂ ਲਾਈਆਂ ਗਈਆਂ ਰੋਕਾਂ ਤੇ ਕਿਸਾਨਾਂ ਉੱਪਰ ਕੀਤੇ ਗਏ ਅੰਨ੍ਹੇ ਤਸ਼ੱਦਦ ਦੀ ਜ਼ੋਰਦਾਰ ਨਿਖੇਧੀ ਕੀਤੀ।

ਆਗੂਆਂ ਨੇ ਕੇਂਦਰ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜਿਸ ਮਨਸ਼ਾ ਨਾਲ ਭਾਜਪਾ ਦੀ ਮੌਜੂਦਾ ਕੇਂਦਰ ਸਰਕਾਰ ਆਮ ਲੋਕਾਂ ਨੂੰ ਤੰਗ ਪਰੇਸ਼ਾਨ ਕਰ ਰਹੀ ਹੈ ਉਹ 2024 ਦੀਆਂ ਚੋਣਾਂ ਵਿੱਚ ਬੁਰੀ ਤਰ੍ਹਾਂ ਹਾਰ ਦਾ ਮੂੰਹ ਵੇਖੇਗੀ।

ਇਸ ਮੌਕੇ ਸੁਖਚੈਨ ਸਿੰਘ ਤੇ ਜਗਜੀਤ ਸਿੰਘ ਪੱਖੋਪੁਰ ਆਗੂ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ), ਬਖਸ਼ੀਸ਼ ਸਿੰਘ ਬਹਾਦਰ ਨਗਰ, ਬੂਟਾ ਸਿੰਘ ਘਰਿਆਲਾ ਆਗੂ ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ), ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਆਗੂ ਸਤਿੰਦਰ ਸਿੰਘ ਤੂਤ, ਜਮਹੂਰੀ ਕਿਸਾਨ ਸਭਾ ਦੇ ਆਗੂ ਮਾ: ਹਰਭਜਨ ਸਿੰਘ ਚੂਸਲੇਵੜ, ਕਾ: ਜਗੀਰ ਸਿੰਘ ਗਡੀਵਿੰਡ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਖਿਲਾਫ ਪਿਛਲੇ ਚੱਲੇ ਸੰਘਰਸ਼ ਦੌਰਾਨ 750 ਦੇ ਕਰੀਬ ਕਿਸਾਨਾਂ ਨੂੰ ਸ਼ਹਾਦਤਾਂ ਦੇਣੀਆਂ ਪਈਆਂ। ਉਨ੍ਹਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਵੱਲੋਂ 19 ਨਵੰਬਰ 2021 ਨੂੰ ਖੇਤੀ ਕਾਲੇ ਕਾਨੂੰਨ ਵਾਪਸ ਲਏ ਅਤੇ ਪਹਿਲੀ ਦਸੰਬਰ 2021 ਨੂੰ ਰਸਮੀ ਤੌਰ 'ਤੇ ਰੱਦ ਕੀਤੇ ਗਏ ਪਰ ਫਸਲਾਂ ਉੱਪਰ ਐੱਮਐੱਸਪੀ ਕਾਨੂੰਨ ਬਣਾਉਣ ਸੰਬੰਧੀ ਕਿਸਾਨਾਂ ਨੂੰ ਲਿਖਤੀ ਭਰੋਸਾ ਦਿੱਤਾ ਸੀ ਪਰ ਕਾਨੂੰਨ ਨਾ ਬਣਾ ਕੇ ਕੇਂਦਰ ਨੇ ਭਰੋਸਾ ਤੋੜਿਆ ਹੈ।

ਕਿਸਾਨ ਆਗੂਆਂ ਨੇ ਚਿਤਾਵਨੀ ਦਿੰਦਿਆਂ ਕਿਹਾ ਕੇਂਦਰ ਦੀ ਮੋਦੀ ਸਰਕਾਰ ਕਿਸਾਨਾਂ ਦਾ ਸਬਰ ਨਾ ਵੇਖੇ, ਕਿਸਾਨਾਂ ਉੱਪਰ ਢਾਹਿਆ ਜਾ ਰਿਹਾ ਤਸ਼ੱਦਦ ਤੁਰੰਤ ਬੰਦ ਕਰੇ ਅਤੇ ਸਾਰੀਆਂ ਫਸਲਾਂ ਉੱਪਰ ਐੱਮਐੱਸਪੀ ਗਰੰਟੀ ਕਾਨੂੰਨ ਬਣਾਇਆ ਜਾਵੇ। ਸਟੇਜ ਦਾ ਸੰਚਾਲਨ ਮਾਸਟਰ ਹਰਭਜਨ ਸਿੰਘ ਚੂਸਲੇਵੜ ਨੇ ਨਿਭਾਇਆ। ਇਸ ਮੌਕੇ ਬਲਵਿੰਦਰ ਸਿੰਘ ਕਲਸ, ਗੁਰਚਰਨ ਸਿੰਘ ਘਰਿਆਲੀ, ਬਾਜ ਸਿੰਘ, ਨਿਰੰਜਨ ਸਿੰਘ ਤੇ ਜਸਪਾਲ ਸਿੰਘ ਮਰਹਾਣਾ, ਕਾਮਰੇਡ ਗੁਰਦਿਆਲ ਸਿੰਘ ਬਰਨਾਲਾ, ਹਰਜੀਤ ਸਿੰਘ ਤੂਤ ਅਤੇ ਸਤਿੰਦਰ ਸਿੰਘ ਆਦਿ ਆਗੂ ਹਾਜ਼ਰ ਸਨ।

ਨੈਸ਼ਨਲ ਲੋਕ ਅਦਾਲਤ 9 ਮਾਰਚ ਨੂੰ ਲੱਗੇਗੀ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸਏਐੱਸ ਨਗਰ, ਮੋਹਾਲੀ ਅਤੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਦੀਆਂ ਹਦਾਇਤਾਂ ਅਨੁਸਾਰ ਸ਼ੀਮਤੀ ਹਰਪ੍ਰੀਤ ਕੌਰ ਰੰਧਾਵਾ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨਜ਼-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਦੀ ਰਹਿਨੁਮਾਈ ਹੇਠ ਅਤੇ ਸ਼੍ਰੀ ਰਛਪਾਲ ਸਿੰਘ ਸਿਵਲ ਜੱਜ (ਸੀਨੀਅਰ ਡਵੀਜ਼ਨ)-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਦੇ ਯਤਨਾਂ ਸਦਕਾ ਇਸ ਵਾਰ ਨੈਸ਼ਨਲ ਲੋਕ ਅਦਾਲਤ 9 ਮਾਰਚ, 2024 ਦਿਨ ਸ਼ਨੀਵਾਰ ਨੂੰ ਲੱਗੇਗੀ ਜਿਸ ਵਿੱਚ ਪਰਿਵਾਰਕ ਕੇਸਾਂ (ਜਿਵੇਂ ਕਿ ਪਤੀ-ਪਤਨੀ ਦੇ ਆਪਸੀ ਝਗੜੇ), ਚੈੱਕ ਬਾਊਂਸ ਦੇ ਕੇਸ, ਬੈਂਕਾਂ ਦੇ ਕੇਸ, ਫਾਈਨਾਂਸ ਕੰਪਨੀਆਂ-ਬੀਮਾ ਕੰਪਨੀਆਂ, ਮੋਟਰ ਦੁਰਘਟਨਾ, ਜ਼ਮੀਨੀ ਵਿਵਾਦ, ਬਿਜਲੀ ਅਤੇ ਪਾਣੀ ਦੇ ਬਿੱਲ ਆਦਿ ਕਿਸਮਾਂ ਦੇ ਕੇਸ ਲਗਾਏ ਜਾ ਸਕਦੇ ਹਨ।

ਇਸ ਦੇ ਨਾਲ ਹੀ ਇਹ ਦੱਸਿਆ ਗਿਆ ਕਿ ਲੋਕ ਅਦਾਲਤ ਦਾ ਮੁੱਖ ਮਨੋਰਥ ਸਮਝੌਤੇ/ਰਾਜ਼ੀਨਾਮੇ ਰਾਹੀਂ ਅਦਾਲਤੀ ਕੇਸਾਂ ਦਾ ਫੈਸਲਾ ਕਰਵਾਉਣਾ ਹੈ ਤਾਂ ਜੋ ਦੋਹਾਂ ਧਿਰਾਂ ਦਾ ਧਨ ਅਤੇ ਸਮਾਂ ਬਚਾਉਣ ਦੇ ਨਾਲ-ਨਾਲ ਉਨ੍ਹਾਂ ਦੀ ਆਪਸੀ ਦੁਸ਼ਮਣੀ ਘਟਾਈ ਜਾ ਸਕੇ। ਗੰਭੀਰ ਕਿਸਮ ਦੇ ਫੌਜਦਾਰੀ ਕੇਸਾਂ ਨੂੰ ਛੱਡ ਦੇ ਹਰ ਤਰ੍ਹਾਂ ਦੇ ਕੇਸ ਜੋ ਵੱਖ-ਵੱਖ ਅਦਾਲਤਾਂ ਵਿੱਚ ਪੈਂਡਿੰਗ ਪਏ ਹੋਣ, ਲੋਕ ਅਦਾਲਤਾਂ ਵਿੱਚ ਫੈਸਲੇ ਲਈ ਸ਼ਾਮਿਲ ਕੀਤੇ ਜਾਂਦੇ ਹਨ। ਚਾਹਵਾਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੂੰ ਲਿਖਤੀ ਦਰਖਾਸਤ ਰਾਹੀਂ ਬੇਨਤੀ ਕਰ ਸਕਦੇ ਹਨ।

ਝਬਾਲ ਵਿਖੇ ਸਕੂਲ 'ਚ ਮਨਾਇਆ ਮਾਂ ਬੋਲੀ ਪੰਜਾਬੀ ਦਿਵਸ

ਝਬਾਲ (ਹਰਜਿੰਦਰ ਸਿੰਘ ਸੋਨੀ)-ਚੀਫ ਖਾਲਸਾ ਦੀਵਾਨ ਦੀ ਛਤਰ ਛਾਇਆ ਹੇਠ ਚੱਲ ਰਹੀ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਵਿਖੇ ਆਪਣੀ ਮਾਂ ਬੋਲੀ ਪੰਜਾਬੀ ਨੂੰ ਪ੍ਰਫੁੱਲਿਤ ਕਰਨ ਲਈ ਸਕੂਲ ਦੇ ਵਿਹੜੇ ਵਿੱਚ ਪੰਜਾਬੀ ਮਾਂ ਬੋਲੀ ਦਿਹਾੜਾ ਮਨਾਇਆ ਗਿਆ।

ਮੈਡਮ ਰਮਨਦੀਪ ਕੌਰ ਨੇ ਬੱਚਿਆਂ ਨੂੰ ਪੰਜਾਬੀ ਬੋਲੀ ਦੀ ਮਹੱਤਤਾ ਤੋਂ ਜਾਣੂ ਕਰਵਾਇਆ। ਵਿਦਿਆਰਥੀਆਂ ਨੇ ਕੈਲੀਗ੍ਰਾਫੀ ਰਾਹੀਂ ਪੰਜਾਬੀ ਬੋਲੀ ਪ੍ਰਤੀ ਆਪਣਾ ਮੋਹ ਪ੍ਰਗਟ ਕੀਤਾ। ਇਸ ਸ਼ੁਭ ਅਵਸਰ 'ਤੇ ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਸੇਠੀ, ਰਮਣੀਕ ਸਿੰਘ ਫਰੀਡਮ, ਜਤਿੰਦਰਬੀਰ ਸਿੰਘ ਬਹਿਲ ਅਤੇ ਸਕੂਲ ਦੇ ਪ੍ਰਿੰਸੀਪਲ ਅਨੂਰੀਤ ਬਾਵਾ ਨੇ ਵਿਦਿਆਰਥੀਆਂ ਨੂੰ ਇਸ ਦਿਹਾੜੇ ਤੇ ਸ਼ੁਭ ਕਾਮਨਾਵਾਂ ਦਿੰਦਿਆਂ ਹੋਇਆਂ ਬੱਚਿਆਂ ਨੂੰ ਸ਼ੁੱਧ ਪੰਜਾਬੀ ਪੜ੍ਹਨ, ਬੋਲਣ ਅਤੇ ਲਿਖਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਮਾਤ ਭਾਸ਼ਾ ਸਾਡੇ ਵਜੂਦ ਅਤੇ ਸ਼ਖਸ਼ੀਅਤ ਦਾ ਇੱਕ ਅਟੁੱਟ ਅੰਗ ਹੈ।

ਇਸ ਲਈ ਇਸ ਦੀ ਸੰਭਾਲ ਦੀ ਜ਼ਿੰਮੇਵਾਰੀ ਸਾਡੀ ਨੌਜਵਾਨ ਪੀੜ੍ਹੀ ਦੀ ਹੈ। ਇਸ ਮੌਕੇ ਸਕੂਲ ਦਾ ਸਮੂਹ ਸਟਾਫ ਹਾਜ਼ਰ ਸੀ।

ਬਲਵਿੰਦਰ ਸਿੰਘ ਸੰਧੂ ਦੀ ਬੇਵਕਤੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

ਤਰਨ ਤਾਰਨ (ਨਜ਼ਸ)-ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਦੇ ਮੁਲਾਜ਼ਮ ਮੰਗਾਂ ਪ੍ਰਤੀ ਅਪਣਾਏ ਅੱਖੜ ਰਵੱਈਏ ਖਿਲਾਫ ਬੀਤੇ ਕੱਲ੍ਹ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਦੀ ਰਿਹਾਇਸ਼ ਨਿਊ ਅੰਮ੍ਰਿਤਸਰ ਵਿਖੇ ਪੀਐੱਸਈਬੀ ਇੰਪਲਾਈਜ਼ ਜੁਆਇੰਟ ਫੋਰਮ ਅਤੇ ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਦੇ ਸਾਂਝੇ ਸੱਦੇ 'ਤੇ ਦਿੱਤੇ ਸੂਬਾ ਪੱਧਰੀ ਲਾਮਿਸਾਲ ਰੋਸ ਧਰਨੇ ਮੌਕੇ ਦਿਲ ਦਾ ਦੌਰਾ ਪੈਣ ਨਾਲ ਸਾਂਝੇ ਫੋਰਮ ਦੇ ਸਾਬਕਾ ਆਗੂ ਬਲਵਿੰਦਰ ਸਿੰਘ ਸੰਧੂ (ਪਟਿਆਲਾ) ਦੀ ਬੇਵਕਤੀ ਮੌਤ 'ਤੇ ਮੁਲਾਜ਼ਮ ਜਥੇਬੰਦੀਆਂ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਇਸ ਸਬੰਧੀ ਪ੍ਰੈੱਸ ਬਿਆਨ ਜਾਰੀ ਕਰਦਿਆਂ ਸਾਂਝੇ ਫੋਰਮ ਦੇ ਆਗੂ ਰਤਨ ਸਿੰਘ ਮਜਾਰੀ ਅਤੇ ਏਕਤਾ ਮੰਚ ਦੇ ਕਨਵੀਨਰ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਕਿਹਾ ਕਿ ਪਾਵਰ ਮੈਨੇਜਮੈਂਟ ਅਤੇ ਬਿਜਲੀ ਮੰਤਰੀ ਹਰਭਜਨ ਸਿੰਘ ਵੱਲੋਂ ਬਿਜਲੀ ਕਾਮਿਆਂ ਦੀਆਂ ਮੰਗਾਂ ਸਬੰਧੀ ਅਪਣਾਏ ਨਾਂਹਪੱਖੀ ਰਵੱਈਏ ਕਾਰਣ ਉਤਪੰਨ ਹੋਏ ਹਾਲਾਤ ਇਕ ਸੰਘਰਸ਼ਾਂ ਨੂੰ ਪ੍ਰਣਾਏ ਹੋਏ ਆਗੂ ਦੀ ਬੇਵਕਤੀ ਮੌਤ ਦਾ ਕਾਰਣ ਬਣੇ ਹਨ ਕਿਉਂਕਿ ਪਾਵਰ ਮੈਨੇਜਮੈਂਟ ਨੇ ਕਾਫੀ ਅਰਸਾ ਪਹਿਲਾਂ ਬਿਜਲੀ ਮੰਤਰੀ ਦੀ ਪ੍ਰਧਾਨਗੀ ਹੇਠ ਚੰਡੀਗੜ੍ਹ ਵਿੱਚ ਹੋਈਆਂ ਮੀਟਿੰਗਾਂ ਸਮੇਂ ਮੰਗਾਂ 'ਤੇ ਸਹਿਮਤੀਆਂ ਕਰਕੇ ਲਾਗੂ ਕਰਨ ਤੋਂ ਟਾਲ-ਮਟੋਲ ਕਰਨਾ ਜਾਰੀ ਰੱਖਿਆ ਜਿਸ ਦੇ ਚਲਦਿਆਂ ਜਥੇਬੰਦੀਆਂ ਸੰਘਰਸ਼ ਦੇ ਰਾਹ 'ਤੇ ਚਲ ਕੇ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰ ਰਹੀਆਂ ਹਨ। ਸਾਂਝਾ ਫੋਰਮ ਅਤੇ ਏਕਤਾ ਮੰਚ ਦੇ ਸੂਬਾਈ ਆਗੂਆਂ ਹਰਪਾਲ ਸਿੰਘ, ਗੁਰਵੇਲ ਸਿੰਘ ਬੱਲਪੁਰੀਆ, ਬਲਦੇਵ ਸਿੰਘ ਮੰਡਾਲੀ, ਰਵੇਲ ਸਿੰਘ ਸਹਾਏਪੁਰ, ਦਵਿੰਦਰ ਸਿੰਘ ਪਿਸ਼ੌਰ, ਸੁਰਿੰਦਰਪਾਲ ਲਾਹੌਰੀਆ, ਲਖਵੰਤ ਸਿੰਘ ਦਿਉਲ, ਮਹਿੰਦਰ ਸਿੰਘ ਰੂੜੇਕੇ, ਅਵਤਾਰ ਸਿੰਘ ਕੈਂਥ, ਬਲਜੀਤ ਸਿੰਘ ਬਰਾੜ ਆਦਿ ਨੇ ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਕਿ ਮ੍ਰਿਤਕ ਬਲਵਿੰਦਰ ਸਿੰਘ ਦੇ ਪਰਿਵਾਰ ਨੂੰ ਯੋਗ ਮੁਆਵਜ਼ਾ ਅਤੇ ਸਰਕਾਰੀ ਨੌਕਰੀ ਦਿੱਤੀ ਜਾਵੇ।

ਧਰਨੇ ਦੇ 5ਵੇਂ ਦਿਨ ਵੀ ਪੰਜਾਬ ਭਰ 'ਚ ਟੋਲ ਪਲਾਜ਼ੇ ਬੰਦ ਰਹੇ

ਝਬਾਲ (ਹਰਜਿੰਦਰ ਸਿੰਘ ਸੋਨੀ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਅਤੇ ਸੰਯੁਕਤ ਮੋਰਚੇ ਵੱਲੋਂ ਪੰਜਵੇਂ ਦਿਨ ਵੀ ਪੰਜਾਬ ਭਰ ਦੇ ਟੋਲ ਪਲਾਜ਼ੇ ਬੰਦ ਰਹੇ ਜਿਸ ਵਿੱਚ ਵੱਖ ਵੱਖ ਬੁਲਾਰਿਆਂ ਨੇ ਸੰਬੋਧਨ ਕੀਤਾ ਅਤੇ ਮੋਦੀ ਸਰਕਾਰ ਅਤੇ ਖੱਟਰ ਸਰਕਾਰ ਭ੍ਰਿਸ਼ਟ ਸਰਕਾਰਾਂ 'ਤੇ ਬੋਲਦਿਆਂ ਬਲਾਕ ਗੰਡੀਵਿੰਡ ਸੀਨੀਅਰ ਮੀਤ ਪ੍ਰਧਾਨ ਜਸਬੀਰ ਸਿੰਘ ਚੀਮਾ, ਬਲਾਕ ਪ੍ਰਧਾਨ ਮੁਖਤਾਰ ਸਿੰਘ ਚੀਮਾ, ਗੁਰਦਿਆਲ ਸਿੰਘ ਚੀਮਾ, ਬਿੱਲਾ ਚੀਮਾ, ਛਿੰਦਾ ਬਰਾੜ, ਨਿਰਵੈਲ ਸਿੰਘ ਪੰਜਵੜ, ਝੰਡਾ ਸਿੰਘ ਪੰਜਵੜ, ਸੁੱਖ ਚੀਮਾ, ਕੁਲਦੀਪ ਸਿੰਘ ਚੀਮਾ, ਮਲਕੀਤ ਸਿੰਘ ਝਬਾਲ, ਜਸਵੰਤ ਮੂਸੇ, ਜਸਵੰਤ ਸਿੰਘ ਸੋਹਲ, ਆਤਮਾ ਸਿੰਘ ਸੋਹਲ, ਦਿਲਬਾਗ ਸਿੰਘ ਸੋਹਲ, ਇਕਾਈ ਪ੍ਰਧਾਨ ਹਰਪ੍ਰੀਤ ਸਿੰਘ ਐਮਾ ਖੁਰਦ, ਮਨਜਿੰਦਰ ਸਿੰਘ ਖੁਸ਼ ਐਮਾ, ਸ਼ਿੰਗਾਰਾ ਸਿੰਘ ਐਮਾ, ਬਿੱਟੂ, ਇਕਾਈ ਪ੍ਰਧਾਨ ਦਿਲਬਾਗ ਸਿੰਘ ਐਮਾ ਕਲਾਂ, ਸਰਬਜੀਤ ਸਿੰਘ ਐਮਾ, ਸਤਨਾਮ ਸਿੰਘ ਆਈਟੀਆਈ ਮੰਨਣ, ਮੁੱਖ ਇੰਚਾਰਜ ਗੁਰਮੁੱਖ ਸਿੰਘ ਘੁੱਟੇ, , ਸਤਨਾਮ ਸਿੰਘ ਫੌਜੀ ਐਮਾ, ਬਲਾਕ ਵਲਟੋਹਾ ਬੀਕੇਯੂ ਉਗਰਾਹਾਂ ਦੇ ਡਾ. ਸੁਖਵੰਤ ਸਿੰਘ ਵਲਟੋਹਾ, ਸਤਬੀਰ ਸਿੰਘ ਕੋਟਲੀ, ਰਾਜ ਸਿੰਘ, ਟੇਕ ਸਿੰਘ, ਜਵਾਹਰ ਸਿੰਘ, ਦਲਬੀਰ ਸਿੰਘ, ਸਰਵਨ ਸਿੰਘ ਕੋਟਲੀ, ਚਾਨਣ ਸਿੰਘ, ਸਤਨਾਮ ਸਿੰਘ, ਸਾਬ ਸ

ਰਵਿਦਾਸੀਆ ਧਰਮ ਦੀ ਸਥਾਪਨਾ ਤੇ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਗਰੰਥ ਦੇ ਪ੍ਰਕਾਸ਼ ਦਿਵਸ ਦੇ 15ਵੇਂ ਸਾਲ ਮੌਕੇ ਜਲੰਧਰ ਤੋਂ ਪੱਤਰਕਾਰ ਸੁਰਿੰਦਰ ਕੁਮਾਰ ਵੱਲੋਂ ਵਿਸ਼ੇਸ਼ ਸਪਲੀਮੈਂਟ

ਰਾਮਾ ਨੰਦ ਦੀ ਸ਼ਹੀਦੀ ਨੇ ਸੁੱਤੀ ਕੌਮ ਜਗਾਈ, ਰਹਿੰਦੀ ਦੁਨੀਆ ਤੱਕ ਇਸ ਦੀ ਰਹੇਗੀ ਰੁਸ਼ਨਾਈ

ਇਸ ਵਾਰ 24 ਫਰਵਰੀ ਸ੍ਰੀ ਗੁਰੂ ਰਵਿਦਾਸ ਜੀ ਦਾ 647ਵਾਂ ਪ੍ਰਕਾਸ਼ ਪੁਰਬ ਪੂਰੀ ਦੁਨੀਆ ਵਿੱਚ ਮਨਾਇਆ ਜਾ ਰਹਾ ਹੈ। ਇਸ ਦੇ ਨਾਲ ਹੀ ਗੁਰੂ ਰਵਿਦਾਸ ਜੀ ਦੀ ਕੁਲ ਨੂੰ ਤਿਲਕ ਰਾਮਾ ਨੰਦ ਜੀ ਦੀ ਹੋਈ 2009 ਵਿੱਚ ਸ਼ਹੀਦੀ ਤੋਂ ਬਾਅਦ 30 ਜਨਵਰੀ 2010 ਨੂੰ ਡੇਰਾਂ ਬੱਲਾਂ ਦੇ ਸੰਤ ਨਿਰੰਜਣ ਦਾਸ ਜੀ ਨੇ ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਅਸਥਾਨ ਸੀਰ ਹਰਗੋਵਰਧਨ ਪੁਰ ਕਾਸ਼ੀ ਵਿਖੇ ਇਸ ਕੁੱਲ ਦੇ ਪਛਲੇ 6 ਹਜ਼ਾਰ ਸਾਲਾਂ ਤੋਂ ਸ਼ੋਸ਼ਣ ਦਾ ਸ਼ਿਕਾਰ ਲੋਕਾਂ ਨੂੰ ਹਿੰਦੂ ਧਰਮਾਂ ਵੱਲੋਂ ਠੁਕਰਾਏ ਜਾਣ ਤੋਂ ਬਾਅਦ ਆਪਣਾ ਧਰਮ ਸਥਾਪਤ ਕਰਕੇ ਵਿਲੱਖਣ ਕਾਰਜ ਕੀਤਾ। ਸੰਤ ਨਿਰੰਜਣ ਦਾਸ ਜੀ ਗੱਦੀ ਨਸ਼ੀਨ ਸੱਚਖੰਡ ਡੇਰਾ ਬੱਲਾਂ ਨੇ ਆਪਣੇ ਧਰਮ ਦੇ ਲੋਕਾਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਦਾ ਵਿਸ਼ੇਸ਼ ਗਰੰਥ 'ਅੰਮ੍ਰਿਤਬਾਣੀ' ਸਤਿਗੁਰੂ ਰਵਿਦਾਸ ਮਹਾਰਾਜ ਦਾ ਪ੍ਰਕਾਸ਼ ਕਰਕੇ ਅਪਣਾ ਧਰਮ ਤੇ ਆਪਣਾ ਗਰੰਥ ਅਲੱਗ ਹੋਣ ਦਾ ਐਲਾਨ ਕਾਸ਼ੀ ਵਿੱਚ ਕੀਤਾ। ਇਸ ਮਹਾਨ ਗਰੰਥ ਦੇ ਲੱਖਾਂ ਹੀ ਪ੍ਰਕਾਸ਼ ਸ੍ਰੀ ਗੁਰੂ ਰਵਿਦਾਸ ਗੁਰਦੁਵਾਰਿਆਂ ਵਿੱਚ ਹੋ ਚੁੱਕੇ ਹਨ। ਸੰਤ ਨਿਰੰਜਣ ਦਾਸ ਜੀ ਨੇ ਇਹ ਮਹਾਨ ਰਵਿਦਾਸੀਆ ਧਰਮ ਦੀ ਸਥਾਪਨਾ ਤੇ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਦੇ ਪ੍ਰਕਾਸ਼ ਦੇ ਨਾਲ ਹੀ ਇਸ ਧਰਮ ਦੇ ਕਰੋੜਾਂ ਦੀ ਗਿਣਤੀ ਵਿੱਚ ਮੇਰੇ ਸਮਾਜ ਨੂੰ ਸਨਮਾਨ ਪ੍ਰਾਪਤ ਹੋਇਆ, ਕਿਉਂਕਿ ਇਸ ਵਰਗ ਨੂੰ ਅੱਜ ਤੱਕ ਨਾ ਤਾ ਸਿੱਖ ਧਰਮ ਨੇ ਅਪਣਾਇਆ ਨਾ ਹਿੰਦੂ ਧਰਮ ਨਾ ਮੁਸਲਿਮ ਤੇ ਨਾ ਹੀ ਈਸਾਈ ਧਰਮ ਨੇ ਆਪਣੇ ਵਿੱਚ ਮਿਲਾਉਣ ਲਈ ਕੋਈ ਉਪਰਾਲਾ ਕੀਤਾ ਸੀ। ਬੇਸ਼ੱਕ ਬਾਬਾ ਸਾਹਿਬ ਅੰਬੇਡਕਰ ਨੇ ਸਿੱਖਾਂ ਦੇ ਉਸ ਸਮੇਂ ਦੇ ਜਥੇਦਾਰਾਂ ਤੇ ਸ੍ਰੀ ਅਕਾਲ ਤਖਤ ਦੀ ਸਿਰਮੌਰ ਸੰਸਥਾ ਨੂੰ ਦਲਿਤ ਵਰਗ ਨੂੰ ਸਿੱਖ ਧਰਮ ਵਿੱਚ ਮਿਲਾਉਣ ਲਈ ਖੁਦ ਮਿਲ ਕੇ ਬੇਨਤੀ ਵੀ ਕੀਤੀ ਸੀ, ਪਰ ਉਹਨਾਂ ਇਸ ਨੂੰ ਸਵੀਕਾਰ ਨਾ ਕੀਤਾ।

ਇਸ ਕਰਕੇ 30 ਜਨਵਰੀ 2010 ਤੱਕ ਇਸ ਵਰਗ ਦਾ ਕੋਈ ਧਰਮ ਨਹੀ ਸੀ, ਪਰ ਸੰਤ ਨਿਰੰਜਣ ਦਾਸ ਜੀ ਨੇ ਰਵਿਦਾਸੀਆ ਧਰਮ ਦੀ ਸਥਾਪਨਾ ਕਰਕੇ ਇਸ ਦੇ ਨਾਲ ਆਪਣੇ ਗੁਰੂ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਗਰੰਥ ਦੀ ਪ੍ਰਕਾਸ਼ਨਾ ਕਰਕੇ ਇਸ ਵਰਗ ਦੇ ਲੋਕਾਂ ਨਾਲ ਸਦੀਆ ਤੋਂ ਹੁੰਦੇ ਆਏ ਘੋਰ ਅਨਿਆਂ ਨੂੰ ਬਰੇਕ ਲਾਈ। ਬਾਬਾ ਸਾਹਿਬ ਭੀਮ ਰਾਓ ਅੰਬੇਡਕਰ, ਜਿਨ੍ਹਾ ਵੱਲੋਂ ਲਿਖੇ ਸੰਵਿਧਾਨ ਵਿੱਚ ਦਿੱਤੇ ਇਸ ਵਰਗ ਨੂੰ ਅਧਿਕਾਰਾਂ ਨਾਲ ਜੀਣ ਦਾ ਹੱਕ ਦੇਣ ਨਾਲ ਇਸ ਵਰਗ ਨੂੰ ਪਸ਼ੂਆਂ ਵਰਗੀ ਜ਼ਿੰਦਗੀ ਤੋ ਛੁਟਕਾਰਾ ਦਿਵਾਇਆ।

ਪਰ ਅੱਜ ਵੀ ਇਹ ਵਰਗ ਭਾਰਤ ਵਿੱਚ ਰਾਜ ਕਰਨ ਵਾਲੀਆਂ ਪਾਰਟੀਆ ਨੇ ਨਾ ਤਾ ਇਨ੍ਹਾਂ ਨੂੰ ਬਣਦਾ ਸਨਮਾਨ ਦਿੱਤਾ ਤੇ ਨਾ ਹੀ ਇਨ੍ਹਾਂ ਨੂੰ ਬਾਬਾ ਸਾਹਿਬ ਵੱਲੋ ਦਿੱਤੇ ਅਧਿਕਾਰ ਦਿੱਤੇ ਹਨ। ਜਾਤ-ਪਾਤ ਦਾ ਸ਼ੋਸਣ ਹੁਣ ਵੀ ਜਾਰੀ ਹੈ, ਜਿਸ ਦੀ ਤਾਜ਼ਾ ਮਿਸਾਲ ਦਲਿਤ ਵਰਗ ਦੇ ਭਾਰਤ ਦੇ ਬਣੇ ਰਾਸ਼ਟਰਪਤੀਆਂ ਤੋਂ ਮਿਲਦੀ ਹੈ। ਪਹਿਲਾਂ ਜਦੋਂ ਰਾਮ ਨਾਥ ਕੋਵਿੰਦ ਭਾਜਪਾ ਸਰਕਾਰ ਸਮੇਂ ਰਾਸ਼ਟਰਪਤੀ ਬਣੇ ਤਾ ਉਨ੍ਹਾ ਨੂੰ ਇੱਕ ਮੰਦਰ ਵਿੱਚ ਜਾਣ ਨਹੀ ਦਿੱਤਾ ਗਿਆ। ਉਹ ਇੱਕ ਹੋਰ ਮੰਦਰ ਵਿੱਚ ਗਏ, ਉਥੇ ਵੀ ਉਨ੍ਹਾ ਦੇ ਜਾਣ ਤੋਂ ਬਾਅਦ ਮੰਦਰ ਨੂੰ ਦੁੱਧ ਨਾਲ ਧੋਤਾ ਗਿਆ। ਇਸ ਤੋਂ ਬਾਅਦ ਬਣੀ ਭਾਰਤ ਦੀ ਰਾਸ਼ਟਰਪਤੀ ਦਲਿਤ ਆਦਿਵਾਸੀ ਵਰਗ ਤੋਂ ਦਰੋਪਤੀ ਮੁਰਮੂ ਵੇਲੇ ਭਾਰਤ ਵਿੱਚ ਰਾਜ ਕਰਦੀ ਬ੍ਰਾਹਮਣਵਾਦੀ ਮੋਦੀ ਸਰਕਾਰ ਨੇ ਉਨ੍ਹਾ ਤੋ ਅਛੂਤ ਹੋਣ ਕਰਕੇ ਨਾ ਨਵੇਂ ਬਣੇ ਪਾਰਲੀਮੈਂਟ ਦਾ ਨੀਹ ਪੱਥਰ ਰਖਵਾਇਆ ਤੇ ਨਾ ਹੀ ਉਨ੍ਹਾ ਨੂੰ ਇਸ ਦਾ 2023 ਵਿੱਚ ਕੀਤੇ ਉਦਘਾਟਨ ਕਰਨ ਵਾਲੇ ਸੱਦਾ ਦਿੱਤਾ। ਇਸ ਦੌਰਾਨ ਸਾਰੀਆਂ ਵਿਰੋਧੀ ਪਾਰਟੀਆਂ ਨੇ ਰਾਸ਼ਟਰਪਤੀ ਨੂੰ ਨਾ ਬੁਲਾਉਣ ਕਰਕੇ ਪਾਰਲੀਮੈਂਟ ਹਾਊਸ ਦੇ ਉਦਘਾਟਨ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਤਾਂ ਮੋਦੀ ਨੇ ਬ੍ਰਾਹਮਣਾਂ ਨੂੰ ਨਾਲ ਲੈ ਕੇ ਉਦਘਾਟਨ ਕੀਤਾ। ਇਸ ਵਰਗ ਦੀਆ ਭਾਵਨਾਵਾਂ ਨੂੰ ਵੱਡੀ ਸੱਟ ਭਾਰਤ ਵਿੱਚ ਰਾਜ ਕਰਦੀ ਬ੍ਰਾਹਮਣਵਾਦੀ ਪਾਰਟੀ ਨੇ ਮਾਰੀ। ਜਦੋਂ ਮੋਦੀ ਨੇ ਆਯੋਧਿਆ ਵਿਖੇ ਰਾਮ ਮੰਦਰ ਦੀ ਨੀਂਹ ਰੱਖੀ, ਉਦੋਂ ਵੀ ਭਾਰਤ ਦੀ ਰਾਸ਼ਟਰਪਤੀ ਨੂੰ ਨਹੀ ਸੱਦਾ ਦਿੱਤਾ ਗਿਆ। ਇੱਥੇ ਵੀ ਹੋਰ ਸਮਾਜ ਦੇ ਸਾਧੂ-ਸੰਤਾਂ ਨੂੰ ਮੋਦੀ ਨੇ ਸੱਦਾ ਪੱਤਰ ਭੇਜਿਆ, ਆਮ ਲੋਕਾਂ ਨੂੰ ਇੰਟਰਨੈੱਟ ਰਾਹੀਂ ਸੱਦਾ ਪੱਤਰ ਭੇਜਿਆ ਗਿਆ, ਪਰ ਭਾਰਤ ਦੀ ਦਲਿਤ ਵਰਗ ਦੀ ਦੇਸ਼ ਦੀ ਪਹਿਲੀ ਨਾਗਰਿਕ ਦਰੋਪਤੀ ਮੁਰਮੂ ਨੂੰ ਰਾਮ ਲੱਲਾ ਦੇ ਉਸ ਢਕਵੰਜ ਲਈ ਰਚੇ ਪ੍ਰਾਣ ਪ੍ਰਤਿਸ਼ਠਾ ਲਈ ਸੱਦਾ ਨਹੀਂ ਦਿੱਤਾ, ਜਿਸ ਦਾ ਰਹੇਕ ਇਨਸਾਨ ਨੇ ਬੁਰਾ ਮਨਾਇਆ। ਇਹ ਗੱਲ ਸਾਰੇ ਮੇਰੇ ਦਲਿਤ ਵਰਗ ਨੂੰ ਇਹ ਸਮਝ ਲੈਣੀ ਚਾਹੀਦੀ ਹੈ ਕਿ ਉਹ ਕਿਸੇ ਵੀ ਉਸ ਭੁਲੇਖੇ ਵਿੱਚ ਨਾ ਰਹਿਣ ਕਿ ਮੋਦੀ ਸਰਕਾਰ ਦਲਿਤਾਂ ਦੀ ਬਹੁਤ ਹਿਤੈਸ਼ੀ ਹੈ।

ਇਸ ਵਾਰ 9 ਫਰਵਰੀ ਨੂੰ ਹੋਈ ਪਾਰਲੀਮੈਂਟ ਦੀ ਆਖਰੀ ਡਿਬੇਟ ਵਿੱਚ ਸਦਨ ਵਿੱਚ ਮੋਦੀ ਨੇ ਖੁੱਲ੍ਹੇਆਮ ਇਹ ਕਿਹਾ ਕਿ ਉਹ ਨਹੀਂ ਚਾਹੁੰਦਾ ਕਿ ਦਲਿਤਾਂ ਨੂੰ ਕੋਈ ਆਰਕਸ਼ਣ ਮਿਲੇ। ਉਸ ਨੇ ਇਹ ਸਦਨ ਵਿੱਚ ਬੋਲ ਕੇ ਇਹ ਸਾਬਿਤ ਕਰ ਦਿੱਤਾ ਕਿ ਦਲਿਤਾਂ ਨੂੰ ਇਹ ਭੁਲੇਖਾ ਆਪਣੇ ਮਨਾਂ ਵਿੱਚੋਂ ਕੱਢ ਦੇਣਾ ਚਾਹੀਦਾ ਹੈ ਕਿ ਉਨ੍ਹਾਂ ਲਈ ਕੁਛ ਬਦਲਿਆ ਹੈ, ਉਹ ਸਦੀਆਂ ਪਹਿਲਾਂ ਵੀ ਅਛੂਤ ਸਨ ਤੇ ਅੱਜ ਦੇ ਸਾਇੰਸ ਦੇ ਯੁੱਗ ਵਿੱਚ ਅਛੂਤ ਹੀ ਹਨ। ਉਨ੍ਹਾਂ ਦੇ ਅਧਿਕਾਰਾਂ ਨੂੰ ਜਿੰਨਾ ਮੋਦੀ ਸਰਕਾਰ ਨੇ ਕੁਚਲਿਆ, ਕਿਸੇ ਹੋਰ ਨੇ ਨਹੀਂ ਕੁਚਲਿਆ।

ਇਸ ਵਾਰ ਭਾਰਤ ਵਿੱਚ ਦਲਿਤਾਂ ਤੇ ਬਾਲਮੀਕੀ ਘੱਟ ਗਿਣਤੀ ਵਰਗ ਦੇ ਲੋਕਾਂ ਦੇ ਉਪਰ ਵੱਡੀ ਗਿਣਤੀ ਬ੍ਰਾਹਮਣ ਜੱਜਾਂ ਨੂੰ ਤਾਇਨਾਤ ਕੀਤਾ ਹੈ। ਜੱਜਾਂ ਦੇ ਹੋਏ ਪੇਪਰਾ ਵਿੱਚ ਸਾਰੇ ਦੇ ਸਾਰੇ ਬ੍ਰਾਹਮਣ ਜੱਜਾਂ ਨੂੰ ਪਾਸ ਕਰਕੇ ਅਦਾਲਤਾਂ ਵਿੱਚ ਤਾਇਨਾਤ ਕੀਤਾ। ਜੱਜਾਂ ਦੀ ਪ੍ਰੀਖਿਆ ਯੂ ਪੀ 'ਚ ਕਰਵਾਈ ਗਈ ਸੀ। ਪਾਰਲੀਮੈਂਟ ਵਿੱਚ ਕੁੱਲ 545 ਮੈਂਬਰਾਂ ਵਿੱਚ 33ਪ੍ਰਤੀਸ਼ਤ 181 ਤੇ ਰਾਜ ਸਭਾ ਵਿੱਚ 82 ਮੈਂਬਰ ਐੱਸ ਸੀ/ ਐੱਸ ਟੀ/ ਬੀ ਸੀ ਦੇ ਉਮੀਦਵਾਰ ਜਿੱਤ ਕੇ ਸ਼ਾਨੋ-ਸ਼ੌਕਤ, ਐਸ਼ ਦੀ ਜ਼ਿੰਦਗੀ ਤੇ ਸੱਤਾ ਸੁੱਖ ਭੋਗ ਰਹੇ ਹਨ। ਉਹ ਵੀ ਪਿਛਲੇ ਦਸ ਸਾਲਾਂ ਤੋਂ ਆਪਣੀਆਂ ਅੱਖਾਂ ਦੇ ਸਾਹਮਣੇ ਦਲਿਤਾਂ, ਐੱਸ ਸੀ/ ਐੱਸ ਟੀ ਤੇ ਬੀ ਸੀ 'ਤੇ ਹੁੰਦੇ ਅੱਤਿਆਚਾਰ ਤੇ ਮਾਰੇ ਜਾ ਰਹੇ ਹੱਕਾਂ ਨੂੰ ਉੱਲੂ ਦੀ ਤਰ੍ਹਾਂ ਸੰਸਦ ਵਿੱਚ ਅੱਖਾਂ ਖੁੱਲ੍ਹੀਆਂ ਹੋਣ ਦੇ ਬਾਵਜੂਦ ਦੇਖਦੇ ਰਹੇ।

(• ਬਾਕੀ ਸਫ਼ਾ 8 'ਤੇ)

ਸੁਰਿੰਦਰ ਕੁਮਾਰ ਬੱਜੜੱਗਾ
ਪੱਤਰਕਾਰ ਰੋਜ਼ਾਨਾ 'ਨਵਾਂ ਜ਼ਮਾਨਾ' ਜਲੰਧਰ
ਮੈਨੂੰ ਮਿਲਣ ਲਈ ਮਿਲਾਓ-
85287-18653, 98881-57138
surinderkumar977@gmail.com
skreporter09@gmail.com

'ਨਵਾਂ ਜ਼ਮਾਨਾ' ਦੇ ਪੱਤਰਕਾਰ ਸੁਰਿੰਦਰ ਕੁਮਾਰ ਵੱਲੋਂ ਰਵਿਦਾਸੀਆ ਧਰਮ ਦੀ ਸਥਾਪਨਾ ਦਿਵਸ ਤੇ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਗ੍ਰੰਥ ਦੇ 15ਵੇਂ ਸਾਲ 'ਤੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਦੁਨੀਆ 'ਚ ਰਹਿੰਦੇ ਰਵਿਦਾਸੀਆ ਸਮਾਜ ਨੂੰ ਲੱਖ-ਲੱਖ ਵਧਾਈ

Brockkie
The Ultimate Footwear
Discover the New Range
ਬ੍ਰੋਕੀ
The Ultimate Footwear
Quality Assurance By :
Om Shivam UTPADAN
Lilly The Ultimate Footwear
Lilly plus
Durby The Ultimate Footwear
ਮੋਬਾ. 95013-31166

ਨਵਾਂ ਜ਼ਮਾਨਾ ਦੇ ਪੱਤਰਕਾਰ ਸੁਰਿੰਦਰ ਕੁਮਾਰ ਵੱਲੋਂ ਰਵਿਦਾਸੀਆ ਧਰਮ ਦੀ ਸਥਾਪਨਾ ਦਿਵਸ 'ਤੇ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਗ੍ਰੰਥ ਦੇ 15ਵੇਂ ਸਾਲ 'ਤੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਦੁਨੀਆ 'ਚ ਰਹਿੰਦੇ ਰਵਿਦਾਸੀਆ ਸਮਾਜ ਨੂੰ ਲੱਖ-ਲੱਖ ਵਧਾਈ
ਮੰਗਲ ਰਾਮ ਮਹਿਰਾ ਪ੍ਰਧਾਨ
ਹਰੀ ਕ੍ਰਿਸ਼ਨ ਗੁਲਾਟੀ ਸਬਜੀ ਮੰਡੀ, ਆਦਮਪੁਰ
ਪ੍ਰਿੰਸ ਗੁਲਾਟੀ ਸਬਜੀ ਮੰਡੀ, ਆਦਮਪੁਰ
ਪ੍ਰਤੀਕ ਗੁਲਾਟੀ ਆਦਮਪੁਰ
GULATI BROTHERS
FRUITS & VEGETABLES COMMISSION AGENT
Pal Gulati 98769-42735, Synny Gulati 90416-56961

ਨਵਾਂ ਜ਼ਮਾਨਾ ਦੇ ਪੱਤਰਕਾਰ ਸੁਰਿੰਦਰ ਕੁਮਾਰ ਵੱਲੋਂ ਰਵਿਦਾਸੀਆ ਧਰਮ ਦੀ ਸਥਾਪਨਾ ਦਿਵਸ 'ਤੇ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਗ੍ਰੰਥ ਦੇ 15ਵੇਂ ਸਾਲ 'ਤੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਦੁਨੀਆ 'ਚ ਰਹਿੰਦੇ ਰਵਿਦਾਸੀਆ ਸਮਾਜ ਨੂੰ ਲੱਖ-ਲੱਖ ਵਧਾਈ
ਸੁਰਿੰਦਰਪਾਲ ਸਿੰਘ DNP
ਸ੍ਰੀਮਤੀ ਰਾਜਵਿੰਦਰ ਕੌਰ ਜਲੰਧਰ

ਰਵਿਦਾਸੀਆ ਧਰਮ ਦੀ ਸਥਾਪਨਾ ਦੇ ਦਿਵਸ 'ਤੇ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਗ੍ਰੰਥ ਦੇ 15ਵੇਂ ਸਾਲ ਦੇ ਅਵਸਰ 'ਤੇ ਦੁਨੀਆ 'ਚਿ ਰਹਿਦੇ ਰਵਿਦਾਸੀਆ ਸਮਾਜ ਨੂੰ ਲੱਖ-ਲੱਖ ਵਧਾਈ
ਅਰਮਾਨ (ਨੱਕ-ਕੰਨ-ਗਲਾ ਤੇ ਡਾਇਬਟਿਕ ਕੇਅਰ)
Facilites, Available : All ENT Surgeries, Functional Endoscopic Sinus Surgery, Microscopic Ear Surgeries, Voice Clinic, Early Detection of Cancer of Head & neck Surgeries, Audiometry/Hearing Aid Disposal, Foreign Body Romoval, Padiatric ENT Problems, Speed Therapy, Diabetes, Screening, Education Diet & Treatment.
Late Dr. Pardeep Verma MBBS, Diabetes Secialist (American Diabetes Association Member)
Dr. (Mrs.) Bobby Verma MBBS, DNB, DLO ENT, Head & Neck Surgeon Ex. Consultant Scred Heart Hospital
Dr. Pria Varma MBBS
ਡਾ. ਸ੍ਰੀਮਤ ਬੋਬੀ ਵਰਮਾ, ਐਮ ਬੀ ਬੀ ਐਸ ਡੀ ਐਨ ਡੀ ਐਲਬੀ, ਸਾਬਕਾ ਰਜਿਸਟਰਾਰ ਸਰਕਾਰੀ ਈ ਐਨ ਟੀ ਹਸਪਤਾਲ ਓਸਮਾਨਿਆ ਮੈਡੀਕਲ ਕਾਲਜ, ਹੈਦਰਾਬਾਦ, ਸਾਬਕਾ ਰਜਿਸਟਰਾਜ ਡੀ ਐਮ ਸੀ ਲੁਧਿਆਣਾ, ਕੰਸਲਟੈਂਟ ਸੈਕਟਰ ਹਾਰਟ ਹਸਪਤਾਲ, ਮਕਸੂਦਾਂ ਜਲੰਧਰ
Tanda Road, Opp. K.M.V. College, Jalandahr City
Ph. (C) 0181-2291940, Moblie 93161-49141

ਨਵਾਂ ਜ਼ਮਾਨਾ ਦੇ ਪੱਤਰਕਾਰ ਸੁਰਿੰਦਰ ਕੁਮਾਰ ਵੱਲੋਂ ਰਵਿਦਾਸੀਆ ਧਰਮ ਦੀ ਸਥਾਪਨਾ ਦਿਵਸ 'ਤੇ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਗ੍ਰੰਥ ਦੇ 15ਵੇਂ ਸਾਲ 'ਤੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਦੁਨੀਆ 'ਚ ਰਹਿੰਦੇ ਰਵਿਦਾਸੀਆ ਸਮਾਜ ਨੂੰ ਲੱਖ-ਲੱਖ ਵਧਾਈ
R.K. HANDA DAIRY
ਗੌਰਵ ਹਾਂਡਾ
ਆਰ ਕੇ ਹਾਂਡਾ
MILAP ROAD, JALANDHAR CITY
Ph.: 0181-2226985 (M) 98720-18446

ਨਵਾਂ ਜ਼ਮਾਨਾ ਦੇ ਪੱਤਰਕਾਰ ਸੁਰਿੰਦਰ ਕੁਮਾਰ ਵੱਲੋਂ ਰਵਿਦਾਸੀਆ ਧਰਮ ਦੀ ਸਥਾਪਨਾ ਦਿਵਸ 'ਤੇ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਗ੍ਰੰਥ ਦੇ 15ਵੇਂ ਸਾਲ 'ਤੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਦੁਨੀਆ 'ਚ ਰਹਿੰਦੇ ਰਵਿਦਾਸੀਆ ਸਮਾਜ ਨੂੰ ਲੱਖ-ਲੱਖ ਵਧਾਈ
Sahota Indane
Park Avenue, Deep Nagar, Jalandhar Cantt.
Ph. 0181-22634005, 5047947
Mob. 98784-47947, 98158-47947
Email : sahotaindanegas47@gmail.com
Rakesh Kumar (Sarpanch Kahanpur)
Raman Kumar Kahanpur
Pawan Kumar Kahanpur

ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀਦੇ 647ਵੇਂ ਪ੍ਰਗਟ ਦਿਵਸ ਦੀ ਸਮੂਹ ਸੰਗਤ ਨੂੰ ਲੱਖ ਲੱਖ ਵਧਾਈ
ਐਡਵੋਕੇਟ ਜਸਪ੍ਰੀਤ ਸਿੰਘ ਭੱਲਾ ਲੁਧਿਆਣਾ
ਰਜੀਵ ਗਰਗ ਐਡਵੋਕੇਟ
ਐਡਵੋਕੇਟ ਬਲਰਾਜ ਸਿੰਘ ਕਾਹਲੋਂ ਜਲੰਧਰ
ਸੰਘਮਨ ਸਿੰਘ ਕਾਹਲੋਂ
ਨਿਸਚੇਜੀਤ ਸਿੰਘ ਕਾਹਲੋਂ

ਸੁਮਨ ਸ਼ਰਮਾ ਫਿਗਾਲਾ
ਜੀਵਨ ਕੁਮਾਰ ਸ਼ਰਮਾ ਫਿਗਾਲਾ
ਪਵਿੱਤਰ ਸਿੰਘ ਜੱਜਾ ਐਲ ਆਈ ਸੀ ਬਰਾਂਚ ਮੈਨੇਜਰ, ਅਨੀਤਾ ਜੱਜਾ ਐਲ ਆਈ ਸੀ ਯੂਨਿਟ-4 ਜਲੰਧਰ
ਅਸ਼ਵਨੀ ਕੁਮਾਰ ਐਚ ਜੀ ਏ ਐਲ ਆਈ ਸੀ ਯੂਨਿਟ-4 ਜਲੰਧਰ

ਨਵਾਂ ਜ਼ਮਾਨਾ ਦੇ ਪੱਤਰਕਾਰ ਸੁਰਿੰਦਰ ਕੁਮਾਰ ਵੱਲੋਂ ਰਵਿਦਾਸੀਆ ਧਰਮ ਦੀ ਸਥਾਪਨਾ ਦਿਵਸ 'ਤੇ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਗ੍ਰੰਥ ਦੇ 15ਵੇਂ ਸਾਲ 'ਤੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਦੁਨੀਆ 'ਚ ਰਹਿੰਦੇ ਰਵਿਦਾਸੀਆ ਸਮਾਜ ਨੂੰ ਲੱਖ-ਲੱਖ ਵਧਾਈ
ਗੁਰਵਿੰਦਰਜੀਤ ਸਿੰਘ
ਸ਼ਕੀਲ ਅਹਿਮਦ
ਸੁਰਜੀਤ
ਡਾ. ਨਿਸ਼ਾਂਤ ਮਿਨਹਾਸ
ਤਰਲੋਕ ਸਿੰਘ ਰੇਰੂ

Govt. Lic. No. 749/ALC-4/LA/FN:926
DASS Visa Consultant
ਇੱਥੇ U.K. Embassy ਦੇ ਫਾਰਮ ਭਰੇ ਜਾਂਦੇ ਹਨ ਤੇ ਫਾਈਲ ਤਿਆਰ ਕੀਤੀ ਜਾਂਦੀ ਹੈ।
Passport Appointment, Family Visitor Visa, UK Form Filling, File Preparation, UK, Canda,Europe & U.S.A Appointments & Refusal File, Travel Insurance, Air Ticket & Hotel Booking
Off. No. 5 Basement Alfa Esate Building, Near UK Embassy, Opp. Bus Stand, Jalandhar, Email: dass.visa@gmail.com
ਤੁਲਸੀ ਦਾਸ
Mob. 98724-24465

ਹਰਮਨਜੋਤ ਸਿੰਘ ਪਾਲ, ਪਲਕ ਪਾਲ (ਲੁਧਿਆਣਾ)

ਮਨਜੀਤ ਕੌਰ ਪਾਲ ਐਮ ਡੀ
ਸੁਨੀਤਾ ਬੜੱਪੱਗਾ
LUCKY SENIOR M